# ਅਧਿਆਇ 8
# ਬਾਦਸ਼ਾਹ ਦਾ ਆਦੇਸ਼

ਯਹੂਦੀਆਂ ਦੇ ਸਭ ਤੋਂ ਵੱਡੇ ਦੁਸ਼ਮਣ ਹਾਮਾਨ ਨੂੰ ਫਾਂਸੀ ਦੇ ਦਿੱਤੀ ਗਈ ਸੀ; ਪਰ ਬਾਦਸ਼ਾਹ ਦੇ ਹੁਕਮ ਨਾਲ ਯਹੂਦੀਆਂ ਉੱਤੇ ਖ਼ਤਰਾ ਅਜੇ ਵੀ ਉਵੇਂ ਹੀ ਸੀ। ਅਧਿਆਇ 8 ਤੋਂ ਪਤਾ ਲਗਦਾ ਹੈ ਕਿ ਬਾਦਸ਼ਾਹ ਨੇ ਹਾਮਾਨ ਦਾ ਘਰ ਅਸਤਰ ਨੂੰ ਦੇ ਦਿੱਤਾ ਅਤੇ ਮਾਰਦਕਈ ਨੂੰ ਤਰੱਕੀ ਦੇ ਕੇ ਹਾਮਾਨ ਦੀ ਗੱਦੀ ਉਸ ਨੂੰ ਦੇ ਦਿੱਤੀ ਗਈ। ਅਸਤਰ ਦੀ ਬੇਨਤੀ ਦੇ ਜਵਾਬ ਵਿਚ ਉਸ ਨੇ ਮਾਰਦਕਈ ਨੂੰ ਯਹੂਦੀਆਂ ਨੂੰ ਆਪਣੀ ਤਬਾਹੀ ਵਾਲੇ ਦਿਨ ਆਪਣਾ ਬਚਾਅ ਕਰਨ ਦੀ ਇਜਾਜ਼ਤ ਦੇਣ ਦਾ ਹੁਕਮ ਜਾਰੀ ਕਰਨ ਦੀ ਇਜਾਜ਼ਤ ਦੇ ਦਿੱਤੀ। ਜਿਸ ਕਰਕੇ ਯਹੂਦੀਆਂ ਨੇ ਆਪਣੇ ਹੋਣ ਵਾਲੇ ਛੁਟਕਾਰੇ ਤੇ ਜਸ਼ਨ ਮਨਾਇਆ।

## ਮਾਰਦਕਈ ਦੀ ਤਰੱਕੀ (8:1, 2)

**1ਉਸ ਦਿਨ ਅਹਸ਼ਵੇਰੋਸ਼ ਪਾਤਸ਼ਾਹ ਨੇ ਯਹੂਦੀਆਂ ਦੇ ਦੂਤੀ ਦੁਸ਼ਮਣ ਹਾਮਾਨ ਦਾ ਘਰ ਅਸਤਰ ਮਲਕਾ ਨੂੰ ਦੇ ਦਿੱਤਾ ਅਤੇ ਮਾਰਦਕਈ ਪਾਤਸ਼ਾਹ ਦੇ ਸਾਹਮਣੇ ਆਇਆ ਕਿਉਂਕਿ ਅਸਤਰ ਨੇ ਦੱਸ ਦਿੱਤਾ ਸੀ ਕਿ ਉਹ ਉਸ ਦਾ ਕੀ ਲੱਗਦਾ ਹੈ 2ਅਤੇ ਪਾਤਸ਼ਾਹ ਨੇ ਆਪਣੀ ਮੋਹਰ ਜਿਹੜੀ ਉਸ ਨੇ ਹਾਮਾਨ ਤੋਂ ਲੈ ਲਈ ਸੀ ਲਾਹ ਕੇ ਮਾਰਦਕਈ ਨੂੰ ਦੇ ਦਿੱਤੀ ਅਤੇ ਅਸਤਰ ਨੇ ਮਾਰਦਕਈ ਨੂੰ ਹਾਮਾਨ ਦੇ ਘਰ ਉੱਤੇ ਮੁਕੱਰਰ ਕਰ ਦਿੱਤਾ।**

**ਆਇਤਾਂ 1, 2.** ਓਸੇ ਦਿਨ ਜਿਸ **ਦਿਨ** ਹਾਮਾਨ ਨੂੰ ਫਾਂਸੀ ਦਿੱਤੀ ਸੀ, **ਅਹਸ਼ਵੇਰੋਸ਼ ਪਾਤਸ਼ਾਹ ਨੇ ਹਾਮਾਨ ਦਾ** ਸਭ ਕੁਝ **ਅਸਤਰ ਮਲਕਾ** ਨੂੰ ਦੇ ਦਿੱਤਾ। ਸੰਭਵ ਤੌਰ ਤੇ ਇਹ ਤੋਹਫ਼ਾ ਇਸ ਨਿਯਮ ਉੱਤੇ ਅਧਾਰਿਤ ਸੀ ਕਿ ਮੌਤ ਦੀ ਸਜ਼ਾ ਦੇ ਜੁਰਮ ਵਾਲੇ ਮੁਜਰਮ ਦਾ ਸਮਾਨ ਸ਼ਾਹੀ ਖਜ਼ਾਨੇ ਵਿਚ ਜਮ੍ਹਾ ਹੋ ਜਾਂਦਾ ਸੀ (ਵੇਖੋ 1 ਰਾਜਿਆਂ 21:7–16),[1] ਅਤੇ ਬਾਦਸ਼ਾਹ ਉਸ ਨੂੰ ਜਿਹਨੂੰ ਚਾਹੇ ਦੇ ਸਕਦਾ ਸੀ। ਹਾਮਾਨ ਦੇ **ਘਰ** ਵਿਚ ''ਉਸ ਵਿਚਲਾ ਸਮਾਨ, ਫ਼ਰਨੀਚਰ, ਖ਼ਜ਼ਾਨੇ, ਜਮ੍ਹਾਪੂੰਜੀ ਅਤੇ ਇੱਥੋਂ ਤਕ ਕਿ ਨੌਕਰਾਂ ਚਾਕਰਾਂ ਸਣੇ ਜੋ ਕੁਝ ਵੀ ਉਸ ਵਿਚ ਸੀ, ਸ਼ਾਮਿਲ ਹੋਵੇਗਾ।''[2]

ਇਹ ਚੀਜ਼ਾਂ ਅਸਤਰ ਨੂੰ ਕਿਉਂ ਦਿੱਤੀਆਂ ਗਈਆਂ? ਜ਼ਾਹਿਰ ਹੈ ਕਿ ਬਾਦਸ਼ਾਹ ਉਹਦੇ ਨਾਲ ਆਪਣਾ ਲਗਾਅ ਵਿਖਾਉਣਾ ਚਾਹੁੰਦਾ ਸੀ। ਇਹ ਤੋਹਫ਼ਾ ਉਸ ਨੂੰ ਹਾਮਾਨ ਦੇ ਜੁਰਮਾਂ ਨੂੰ ਉਹਦੇ ਧਿਆਨ ਵਿਚ ਲਿਆਉਣ ਅਤੇ/ਜਾਂ ਉਸ ਨੂੰ ਅਤੇ ਉਸ ਦੇ ਲੋਕਾਂ ਨੂੰ ਹਾਮਾਨ ਵੱਲੋਂ ਦਿੱਤੀ ਗਈ ਮਾਨਸਿਕ ਤਕਲੀਫ਼ ਲਈ ਮੁਆਵਜ਼ਾ ਦੇਣ ਲਈ ਆਪਣੀ ਸ਼ੁਕਰਗੁਜ਼ਾਰੀ ਜ਼ਾਹਿਰ ਕਰਨ ਲਈ ਵੀ ਹੋਵੇਗਾ।

**ਅਸਤਰ** ਨੇ **ਪਾਤਸ਼ਾਹ** ਨੂੰ **ਮਾਰਦਕਈ** ਨਾਲ ਆਪਣੇ ਰਿਸ਼ਤੇ ਬਾਰੇ ਦੱਸਿਆ। ਤਰੱਕੀ ਮਿਲਣ ਦੇ ਨਾਲ ਨਾਲ ਮਾਰਦਕਈ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਬਣ ਗਿਆ, ਜਿਸ ਵਿਚ ਉਸ ਨੂੰ ਉਹ ਸਭ ਇਖ਼ਤਿਆਰ ਦੇ ਦਿੱਤਾ ਗਿਆ ਜਿਹੜਾ ਪਹਿਲਾਂ ਹਾਮਾਨ ਕੋਲ ਸੀ। ਅਹਸ਼ਵੇਰੋਸ਼ ਨੇ ਮਾਰਦਕਈ ਨੂੰ **ਆਪਣੀ ਮੋਹਰ** ਭਾਵ ਉਹੀ ਅੰਗੂਠੀ ਦੇ ਦਿੱਤੀ ਜਿਹੜੀ ਪਹਿਲਾਂ ਉਸ ਨੇ **ਹਾਮਾਨ** ਨੂੰ ਦਿੱਤੀ ਸੀ (3:10)।

ਜਿਵੇਂ ਕਿ ਹਾਮਾਨ ਦੀ ਹਾਰ ਦੀ ਕਹਾਣੀ ਨੂੰ ਪੂਰਾ ਕਰਨ ਲਈ ਹੋਵੇ, **ਅਸਤਰ** ਨੇ ਉਸਦੇ ਦੁਸ਼ਮਣ

**ਮਾਰਦਕਈ** ਨੂੰ ਉਸਦੇ **ਘਰ** ਉੱਤੇ ਮੁਕਰੱਰ ਕਰ ਦਿੱਤਾ। ਭਾਵੇਂ ਅਸਤਰ ਕੋਲ ਅਜੇ ਵੀ ਹਾਮਾਨ ਦਾ ਸਮਾਨ ਸੀ, ਪਰ ਲਗਦਾ ਹੈ ਮਾਰਦਕਈ ਹਾਮਾਨ ਦੇ ਮਕਾਨ ਵਿਚ ਚਲਿਆ ਗਿਆ ਅਤੇ ਉਹਦੇ ਸਾਰੇ ਸਾਮਾਨ ਦਾ ਮਾਲਕ ਬਣ ਗਿਆ।

ਭਾਵੇਂ ਮਾਰਦਕਈ ਅਸਤਰ ਦੇ ਸਰਪ੍ਰਸਤ ਜਾਂ ਮਤਰਏ ਪਿਉ ਦਾ ਕੰਮ ਕਰਦਾ ਸੀ ਪਰ ਹੁਣ ਉਹ ਉਹਦੀ ਮਾਤਹਿਤ ਨਹੀਂ ਰਹੀ ਸੀ। ਬਲਕਿ ਮਲਕਾ ਹੋਣ ਦੇ ਨਾਤੇ ਉਹ ਇਨ੍ਹਾਂ ਮਾਮਲਿਆਂ ਵਿਚ ਉਸ ਨੂੰ ਨਿਰਦੇਸ਼ ਦਿੰਦੀ ਸੀ।

## **ਯਹੂਦੀਆਂ ਲਈ ਅਸਤਰ ਦੀ ਬੇਨਤੀ** (8:3-8)

**[3]ਫਿਰ ਅਸਤਰ ਨੇ ਪਾਤਸ਼ਾਹ ਦੇ ਸਨਮੁਖ ਗੱਲ ਕੀਤੀ ਅਤੇ ਉਹ ਦੇ ਪੈਰਾਂ ਉੱਤੇ ਡਿੱਗ ਪਈ ਅਤੇ ਰੋ ਰੋ ਕੇ ਉਹ ਦੇ ਤਰਲੇ ਕੀਤੇ ਕਿ ਉਹ ਹਾਮਾਨ ਅਗਾਗੀ ਦੀ ਬੁਰਿਆਈ ਅਤੇ ਮਤੇ ਨੂੰ ਜਿਹੜਾ ਉਸ ਯਹੂਦੀਆਂ ਦੇ ਵਿਰੁੱਧ ਕੀਤਾ ਸੀ ਹਟਾ ਦੇਵੇ [4]ਤਦ ਪਾਤਸ਼ਾਹ ਨੇ ਅਸਤਰ ਵੱਲ ਸੁਨਹਿਰੀ ਆਸਾ ਵਧਾਇਆ ਤਾਂ ਅਸਤਰ ਉੱਠੀ ਅਤੇ ਪਾਤਸ਼ਾਹ ਦੇ ਸਾਹਮਣੇ ਜਾ ਖਲੋਤੀ [5]ਫੇਰ ਉਸ ਨੇ ਆਖਿਆ, ਜੇ ਪਾਤਸ਼ਾਹ ਨੂੰ ਚੰਗਾ ਲੱਗੇ ਅਤੇ ਮੈਂ ਉਹ ਦੀ ਨਿਗਾਹ ਵਿਚ ਦਯਾ ਦੀ ਜਿਲਦੀ ਹੋਵਾਂ ਅਰ ਇਹ ਗੱਲ ਪਾਤਸ਼ਾਹ ਨੂੰ ਵੀ ਮੁਨਾਸਬ ਲੱਗੇ ਅਰ ਮੈਂ ਉਸ ਦੀ ਨਿਗਾਹ ਵਿਚ ਚੰਗੀ ਲੱਗਾਂ ਤਾਂ ਅਗਾਗੀ ਹਮਦਾਥਾ ਦੇ ਪੁੱਤਰ ਹਾਮਾਨ ਦੇ ਓਹ ਪਰਵਾਨੇ ਜਿਹੜੇ ਉਸ ਨੇ ਓਨ੍ਹਾਂ ਯਹੂਦੀਆਂ ਦੇ ਮਿਟਾਉਣ ਲਈ ਲਿਖੇ ਹਨ ਜੋ ਪਾਤਸ਼ਾਹ ਦੇ ਸਾਰੇ ਸੂਬਿਆਂ ਵਿਚ ਹਨ ਫੇਰ ਮੋੜ ਲਏ ਜਾਣ [6]ਕਿਉਂ ਜੋ ਮੈਂ ਉਸ ਬੁਰਿਆਈ ਨੂੰ ਜਿਹੜੀ ਮੇਰੇ ਲੋਕਾਂ ਉੱਤੇ ਆਵੇਗੀ ਕਿਵੇਂ ਵੇਖ ਸੱਕਾਂਗੀ? ਅਤੇ ਕਿਵੇਂ ਮੈਂ ਆਪਣੇ ਸਾਕਾਂ ਦਾ ਮਿਟਾਇਆ ਜਾਣਾ ਵੇਖ ਸੱਕਾਂਗੀ [7]ਤਦ ਅਹਸ਼ਵੇਰੋਸ਼ ਪਾਤਸ਼ਾਹ ਨੇ ਅਸਤਰ ਮਲਕਾ ਅਤੇ ਮਾਰਦਕਈ ਨੂੰ ਆਖਿਆ, ਵੇਖੋ, ਮੈਂ ਹਾਮਾਨ ਦਾ ਘਰ ਅਸਤਰ ਨੂੰ ਦੇ ਦਿੱਤਾ ਹੈ ਅਤੇ ਉਸ ਨੂੰ ਉਨ੍ਹਾਂ ਨੇ ਸੂਲੀ ਉੱਤੇ ਟੰਗ ਦਿੱਤਾ ਹੈ ਇਸ ਲਈ ਕਿ ਉਸ ਨੇ ਯਹੂਦੀਆਂ ਉੱਤੇ ਹੱਥ ਚਲਾਇਆ ਸੀ [8]ਤੁਸੀਂ ਵੀ ਪਾਤਸ਼ਾਹ ਦੇ ਨਾਉਂ ਉੱਤੇ ਯਹੂਦੀਆਂ ਲਈ ਲਿਖੋ ਜਿਵੇਂ ਤੁਹਾਡੀ ਨਿਗਾਹ ਵਿਚ ਚੰਗਾ ਲੱਗੇ ਅਤੇ ਉਸ ਉੱਤੇ ਪਾਤਸ਼ਾਹ ਦੀ ਮੋਹਰ ਲਾ ਲਓ ਕਿਉਂਕਿ ਜਿਹੜੀ ਲਿਖਤ ਪਾਤਸ਼ਾਹ ਦੇ ਨਾਉਂ ਉੱਤੇ ਲਿਖੀ ਜਾਵੇ ਅਤੇ ਉਹ ਦੇ ਉੱਤੇ ਪਾਤਸ਼ਾਹ ਦੀ ਮੋਹਰ ਲਗ ਜਾਵੇ ਉਹ ਨੂੰ ਕੋਈ ਮੋੜ ਨਹੀਂ ਸਕਦਾ।**

**ਆਇਤਾਂ 3, 4.** ਫ਼ਾਰਸ ਵਿਚ, ਸ਼ਾਹੀ ਫ਼ਰਮਾਨ ਨੂੰ ਬਦਲਿਆ ਜਾਂ ਰੱਦ ਨਹੀਂ ਕੀਤਾ ਜਾ ਸਕਦਾ ਸੀ। ਇਸ ਕਰਕੇ ਬਾਦਸ਼ਾਹ ਵੱਲੋਂ ਅਸਤਰ ਅਤੇ ਮਾਰਦਕਈ ਨਾਲ ਹਮਦਰਦੀ ਵਿਖਾਏ ਜਾਣ ਦੇ ਬਾਵਜੂਦ, ਯਹੂਦੀ ਅਜੇ ਵੀ ਖ਼ਤਰੇ ਵਿਚ ਸਨ। ਇਹ ਹੁਕਮ ਦਿੱਤਾ ਗਿਆ ਸੀ ਕਿ ''ਬਾਰਵੇਂ ਮਹੀਨੇ ਦੀ ਤੇਰਵੀਂ ਤਰੀਕ'' ਨੂੰ ਯਹੂਦੀਆਂ ਨੂੰ ਖ਼ਤਮ ਕੀਤਾ ਜਾਵੇ (3:13)। ਇਸ ਮੁਸ਼ਕਿਲ ਦੇ ਹੱਲ ਲਈ, ਅਸਤਰ ਫੇਰ ਤੋਂ ਬਾਦਸ਼ਾਹ ਦੇ ਸਾਹਮਣੇ ਪੇਸ਼ ਹੋਈ, ਜ਼ਾਹਿਰ ਹੈ ਕਿ ਕਿਤਾਬ ਵਿਚ ਮਿਲਣ ਵਾਲੇ ਪਹਿਲਾਂ ਵਰਗੇ ਹਾਲਾਤ ਵਿਚ ਹੀ (ਵੇਖੋ 4:11; 5:1, 2)। ਭਾਵੇਂ ਲੇਖਕ ਨੇ ਇਹ ਨਹੀਂ ਕਿਹਾ ਕਿ ਉਹ ਉਸ ਦੇ ਸਾਹਮਣੇ ਬਿਨਾਂ ਸੱਦੇ ਆ ਗਈ, ਪਰ ਉਸ ਨੇ ਬਾਦਸ਼ਾਹ ਦੇ **ਅਸਤਰ ਵੱਲ ਸੁਨਹਿਰੀ ਆਸਾ** ਵਧਾਉਣ ਦੀ ਗੱਲ ਫੇਰ ਲਿਖੀ। ਇਹ ਇਸ਼ਾਰਾ ਉਹਦੇ ਵੱਲੋਂ ਬਾਦਸ਼ਾਹ ਨਾਲ ਗੱਲ ਕਰਨ, **ਉਹਦੇ ਪੈਰਾਂ ਉੱਤੇ ਡਿੱਗ** ਪੈਣ, **ਰੋ ਰੋ ਕੇ ਉਹਦੇ ਤਰਲੇ** ਕਰਨ ਅਤੇ **ਹਾਮਾਨ** ਦੀ ਬਣਾਈ ਬੁਰਿਆਈ ਅਤੇ ਮਤੇ ਤੋਂ ਆਪਣੇ ਲੋਕਾਂ ਨੂੰ ਬਚਾਉਣ ਲਈ ਬੇਨਤੀ ਕਰਨ ਤੋਂ ਬਾਅਦ ਕੀਤਾ ਗਿਆ।

ਇਨ੍ਹਾਂ ਆਇਤਾਂ ਵਿਚ ਵਿਖਾਈ ਗਈ ਤਸਵੀਰ ਕੁਝ ਕੁਝ ਉਲਝਾਉਣ ਵਾਲੀ ਹੈ। ਅਸਤਰ ਲਈ ਆਪਣੇ ਲੋਕਾਂ ਦੀਆਂ ਜਾਨਾਂ ਬਖ਼ਸ਼ਣ ਲਈ ਬਾਦਸ਼ਾਹ ਅੱਗੇ ਦੁਹਾਈ ਦੇਣ ਦੀ ਲੋੜ ਕਿਉਂ ਸੀ? ਭਲਾ ਉਹ ਨੇ ਉਸ ਦੀ ਇਹ ਬੇਨਤੀ ਅਧਿਆਇ 7 ਵਿਚ ਦੂਜੀ ਦਾਅਵਤ ਵੇਲੇ ਮੰਨ ਨਹੀਂ ਲਈ ਸੀ? ਨਾਲੇ

ਅਸਤਰ ਦਾ ਵਿਹਾਰ ਸ਼ਾਹੀ ਰਾਣੀ ਦੇ ਵਿਹਾਰ ਨਾਲੋਂ ਜਿਹਨੂੰ ਤਿੰਨ ਵਾਰ ਪੁੱਛਿਆ ਜਾਣਾ ਸੀ ਕਿ ਉਹ ਕੀ ਚਾਹੁੰਦੀ ਹੈ ਮੇਲ ਨਹੀਂ ਖਾਂਦਾ (5:3, 6; 7:2)। ਇਨ੍ਹਾਂ ਸਵਾਲਾਂ ਦਾ ਜਵਾਬ ਸੰਭਵ ਤੌਰ ਤੇ ਬਾਦਸ਼ਾਹ ਦੇ ਸੁਭਾਅ ਨਾਲ ਜਾਂ ਇਸ ਦੇ ਨਾ ਹੋਣ ਨਾਲ ਦਿੱਤਾ ਜਾ ਸਕਦਾ ਹੈ। ਅਹਸ਼ਵੇਰੋਸ਼ ਨੂੰ ਇਕ ਅਜਿਹਾ ਵਿਅਕਤੀ ਵਿਖਾਇਆ ਗਿਆ ਹੈ ਜਿਹੜਾ ਇਕ ਵੇਲੇ ਸਿਰਫ਼ ਇੱਕੋ ਗੱਲ ਉੱਤੇ ਵਿਚਾਰ ਕਰ ਸਕਦਾ ਸੀ। ਜਦ ਹਾਮਾਨ ਨੂੰ ਇਕ ਦੁਸ਼ਟ ਅਤੇ ਦੁਸ਼ਮਣ ਦੇ ਰੂਪ ਵਿਚ ਵਿਖਾਇਆ ਗਿਆ ਤਾਂ ਬਾਦਸ਼ਾਹ ਗੁੱਸੇ ਨਾਲ ਲਾਲ ਹੋ ਗਿਆ। ਫਿਰ ਰਾਣੀ ਉੱਤੇ ਹਮਲਾ ਕਰਨ ਕਰਕੇ ਜਦ ਬਾਦਸ਼ਾਹ ਨੂੰ ਉਸ ਉੱਤੇ ਇਲਜ਼ਾਮ ਲਾਉਣ ਦਾ ਮੌਕਾ ਮਿਲਿਆ ਤਾਂ ਉਹ ਨੇ ਹਾਮਾਨ ਨੂੰ ਮਾਰ ਦਿੱਤਾ। ਹਾਮਾਨ ਦਾ ਘਰ ਅਤੇ ਉਹਦਾ ਰੁਤਬਾ ਦੂਜਿਆਂ ਨੂੰ ਦੇਣ ਤੋਂ ਬਾਅਦ ਬਾਦਸ਼ਾਹ ਸੰਤੁਸ਼ਟ ਸੀ।[3] ਯਹੂਦੀ ਕੌਮ ਨਾਲ ਜਿਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਸਤਰ ਦੇ ਸਬੰਧ ਬਾਰੇ, ਜਾਂ ਤਾਂ ਬਾਦਸ਼ਾਹ ਨੂੰ ਹਾਲਾਤ ਦੀ ਸਮਝ ਨਹੀਂ ਸੀ ਜਾਂ ਉਹ ਇਸ ਬਾਰੇ ਭੁੱਲ ਗਿਆ ਸੀ।

ਅਸਤਰ ਨੂੰ ਬਾਦਸ਼ਾਹ ਨੂੰ ਯਾਦ ਕਰਵਾਉਣਾ ਪਿਆ ਕਿ ਮੁਸ਼ਕਿਲ ਅਜੇ ਵੀ ਹੈ ਸੀ। ਅਜਿਹਾ ਕਰਨ ਲਈ ਉਸ ਨੂੰ ਆਪਣੀਆਂ ਜੁਗਤਾਂ ਬਦਲਣੀਆਂ ਪਈਆਂ। ਆਪਣੀਆਂ ਇੱਛਾਵਾਂ ਨੂੰ ਦੱਸਣ ਤੋਂ ਪਹਿਲਾਂ ਝਿਜਕਣ ਦੇ ਉਲਟ ਇਸ ਵਾਰ ਉਹ ਉਸ ਦੇ ਪੈਰਾਂ ਉੱਤੇ ਡਿੱਗ ਪਈ ਅਤੇ ਆਪਣੇ ਲੋਕਾਂ ਨੂੰ ਬਚਾਉਣ ਲਈ ਬੇਨਤੀ ਕਰਨ ਲੱਗੀ, ਫੇਰ ਤੋਂ ਇਹ ਜ਼ੋਰ ਦਿੰਦਿਆਂ ਕਿ ਉਸ ਘਿਨਾਉਣੇ ਹਾਮਾਨ ਨੇ ਹੀ ਉਨ੍ਹਾਂ ਦੇ ਖ਼ਿਲਾਫ਼ ਸਾਜ਼ਸ਼ ਰਚੀ ਸੀ। ਲਿੰਡਾ ਡੇ ਨੇ ਅਸਤਰ ਦੇ ਤਰੀਕੇ ਵਿਚ ਬਦਲਾਅ ਉੱਤੇ ਧਿਆਨ ਦਿੱਤਾ: ''ਅਹਸ਼ਵੇਰੋਸ਼ ਨਾਲ ਆਪਣੀ ਪਿਛਲੀਆਂ ਮੁਲਾਕਾਤਾਂ ਤੇ ਉਹ ਸ਼ਾਂਤ, ਲਗਭਗ ਸੁੰਨ ਲੱਗੀ ਸੀ, ਉਸਦੇ ਹੌਕਿਆਂ ਅਤੇ ਮਿਨਤਾਂ ਨੇ ਪਾਠਕ ਨੂੰ ਹੈਰਾਨ ਕਰ ਦਿੱਤਾ, ਕਿਉਂ ਜੋ ਇਸ ਤਰ੍ਹਾਂ ਨਾਲ ਹਰਕਤ ਕਰਨਾ ਉਹਦੇ ਸੁਭਾਅ ਨਾਲ ਮੇਲ ਨਹੀਂ ਖਾਂਦਾ।''[4] ਇਸ ਮੌਕੇ ਤੇ ਆਪਣੀ ਨਿਰਾਸ਼ਾ ਨੂੰ ਵਿਖਾ ਕੇ ਅਸਤਰ ਨੇ ਫੇਰ ਤੋਂ ਸਮਝਦਾਰੀ ਵਿਖਾਈ: ਸਮਝਦਾਰ ਵਿਅਕਤੀ ਨੂੰ ਪਤਾ ਹੁੰਦਾ ਹੈ ਕਿ ਆਪਣੇ ਮਕਸਦ ਨੂੰ ਹਾਸਿਲ ਕਰਨ ਲਈ ਆਪਣੀ ਚਾਲ ਨੂੰ ਕਦੋਂ ਅਤੇ ਕਿਵੇਂ ਬਦਲਣਾ ਹੈ।

ਅਸਤਰ ਦਾ ਇਹ ਤਰੀਕਾ ਕਾਮਯਾਬ ਸੀ। ਬਾਦਸ਼ਾਹ ਦਾ ਉਹਦੇ ਵੱਲ ਆਪਣਾ ''ਸੁਨਹਿਰੀ ਆਸਾ'' ਵਧਾਉਣਾ ਉਸ ਦੀ ਬੇਨਤੀ ਨੂੰ ਉਹਦੇ ਵੱਲੋਂ ਪਰਵਾਨ ਕੀਤੇ ਜਾਣ ਦਾ ਸੰਕੇਤ ਲਗਦਾ ਹੈ। ਜਿਸ ਕਰਕੇ ਉਹ **ਪਾਤਸ਼ਾਹ ਦੇ ਸਾਹਮਣੇ ਜਾ ਖਲੋਤੀ** ਜਿਸ ਦੀ ਬੇਨਤੀ ਕਬੂਲ ਹੋਣ ਵਾਲੀ ਸੀ।

**ਆਇਤ 5.** ਅਤਸਰ ਦੀ ਰਸਮੀ ਬੇਨਤੀ ਤੋਂ ਪਹਿਲਾਂ ਚਾਰ ''ਜੇ'' ਸਨ ਭਾਵ ਚਾਰ ਕਾਰਣ ਸਨ ਜਿਨ੍ਹਾਂ ਕਰਕੇ ਉਸ ਨੂੰ ਉਮੀਦ ਸੀ ਕਿ ਬਾਦਸ਼ਾਹ ਉਹਦੀ ਬੇਨਤੀ ਨੂੰ ਮੰਨ ਲਵੇਗਾ। (1) **ਜੇ ਪਾਤਸ਼ਾਹ ਨੂੰ ਚੰਗਾ ਲੱਗੇ** ਦਾ ਮਤਲਬ ਸੀ ਕਿ ਉਸ ਨੇ ਉਸ ਨੂੰ ਆਪਣੀ ਮਰਜ਼ੀ ਦੇ ਖ਼ਿਲਾਫ਼ ਕੁਝ ਕਰਨ ਲਈ ਨਹੀਂ ਕਹਿਣਾ ਸੀ। (2) ਇਹ ਆਖਕੇ ਕਿ *[ਜੇ]* **ਮੈਂ ਉਹ ਦੀ ਨਿਗਾਹ ਵਿਚ ਦਯਾ ਦੀ ਜਿਲਦੀ ਹੋਵਾਂ** ਉਹ ਉਹਨੂੰ ਉਹਦੇ ਲਈ ਆਪਣੇ ਪਿਆਰ ਨੂੰ ਯਾਦ ਕਰਨ ਲਈ ਆਖਦੀ ਹੈ। (3) (ਜੇ) **ਇਹ ਗੱਲ ਪਾਤਸ਼ਾਹ ਨੂੰ ਵੀ ਮੁਨਾਸਬ ਲੱਗੇ** ਵਿਚ ਸੁਝਾਅ ਸੀ ਕਿ ਉਹ ਉਸ ਤੋਂ ਸਿਰਫ਼ ਉਹੀ ਕਰਵਾਉਣਾ ਚਾਹੁੰਦੀ ਸੀ ਜੋ ਉਸ ਦੀ ਨਜ਼ਰ ਵਿਚ ਠੀਕ ਹੋਵੇ। (4) (ਜੇ) **ਮੈਂ ਉਸ ਦੀ ਨਿਗਾਹ ਵਿਚ ਚੰਗੀ ਲੱਗਾਂ** ਜੋ ਕਿ ਉਹ ਉਸ ਨੂੰ ਆਪਣੇ ਵੱਲ ਵੇਖਣ ਅਤੇ ਇਹ ਵੇਖਣ ਦਾ ਸੱਦਾ ਦੇ ਰਹੀ ਸੀ ਕਿ ਉਹ ਕਿੰਨੀ ਸੋਹਣੀ ਅਤੇ ਪਿਆਰੀ ਹੈ।

ਇਹ ਸ਼ਰਤਾਂ ਤੈਅ ਕਰਨ ਤੋਂ ਬਾਅਦ ਅਸਤਰ ਨੇ ਅਖ਼ੀਰ ਆਪਣੀ ਬੇਨਤੀ ਰੱਖੀ। ਉਹ ਚਾਹੁੰਦੀ ਸੀ ਕਿ ਬਾਦਸ਼ਾਹ ਪਹਿਲਾਂ ਵਾਲੇ ਹੁਕਮ ਨੂੰ ਭਾਵ **ਹਾਮਾਨ ਦੇ ਓਹ ਪਰਵਾਨੇ ਜਿਹੜੇ ਉਸ ਨੇ ਓਨ੍ਹਾਂ** ਦੀ ਪੂਰੀ ਸਲਤਨਤ ਨੂੰ **ਯਹੂਦੀਆਂ ਦੇ ਮਿਟਾਉਣ ਲਈ ਲਿਖੇ** ਸਨ, ਮੋੜ ਲਏ ਜਾਣ। ਪਹਿਲਾਂ ਵਾਂਗ ਅਸਤਰ ਇਸ ਗੱਲ ਦਾ ਧਿਆਨ ਰੱਖ ਰਹੀ ਸੀ ਕਿ ਇਹ ਨਹੀਂ ਬੋਲਣਾ ਕਿ ਉਹ ਪਰਵਾਨੇ ਬਾਦਸ਼ਾਹ ਦੇ ਇਖ਼ਤਿਆਰ ਨਾਲ ਘੱਲੇ ਗਏ ਸਨ। ਅਸਤਰ ਦੀ ਬੇਨਤੀ ਤੋਂ ਇਹ ਅਰਥ ਲਗਦਾ ਜਾਪਦਾ ਹੈ ਕਿ

ਉਸ ਨੂੰ ਬਾਦਸ਼ਾਹ ਦਾ ਪਹਿਲਾ ਆਦੇਸ਼ ਨਾ ਬਦਲਣ ਯੋਗ ਨਹੀਂ ਲੱਗਾ। ਉਹ ਨੇ ਜ਼ਾਹਿਰ ਤੌਰ ਤੇ ਇਹ ਸੋਚਿਆ ਕਿ ਬਾਦਸ਼ਾਹ ਆਪਣੇ ਸ਼ਾਹੀ ਇਖ਼ਤਿਆਰ ਦੀ ਵਰਤੋਂ ਕਰਕੇ ਆਪਣੇ ਪਿਛਲੇ ਹੁਕਮ ਨੂੰ ਰੱਦ ਕਰ ਸਕਦਾ ਹੈ। ਜੇ ਉਹ ਅਜਿਹਾ ਕਰ ਦਿੰਦਾ ਤਾਂ ਬਹੁਤ ਸਾਰਾ ਖ਼ੂਨ ਖਰਾਬਾ ਹੋਣੋ ਬਚ ਜਾਣਾ ਸੀ।

**ਆਇਤ 6.** ਇਸ ਤੋਂ ਬਾਅਦ ਅਸਤਰ ਨੇ ਦਿਲ ਨੂੰ ਛੂਹ ਲੈਣ ਵਾਲੀ ਇਸ ਬੇਨਤੀ ਦਾ ਕਾਰਣ ਦਿੱਤਾ ਕਿ ਯਹੂਦੀ ਲੋਕ ਉਸ ਦੇ **ਲੋਕ** ਸਨ ਅਤੇ ਉਸ ਦੇ **ਸਾਕ** ਸਨ। ਉਸ ਨੇ ਆਪਣੀ ਪਛਾਣ ਉਨ੍ਹਾਂ ਨਾਲ ਕਰਵਾਈ ਅਤੇ ਦੱਸਿਆ ਕਿ ਉਹ ਉਨ੍ਹਾਂ ਦੀ ਬਰਬਾਦੀ ਦੀ ਗੱਲ ਬਰਦਾਸ਼ਤ ਨਹੀਂ ਕਰ ਸਕਦੀ। ਉਹਦੀ ਬੇਨਤੀ ਨਿੱਜੀ ਸੀ। ਉਸ ਨੇ ਆਪਣੀ ਬੇਨਤੀ ਬਾਦਸ਼ਾਹ ਵੱਲੋਂ ਯਹੂਦੀਆਂ ਦੀ ਤਾਰੀਫ਼ ਕੀਤੇ ਜਾਣ ਦੇ ਅਧਾਰ ਤੇ ਨਹੀਂ ਬਲਕਿ ਆਪਣੇ ਲਈ ਉਹਦੇ ਲਗਾਅ ਦੇ ਅਧਾਰਤ ਤੇ ਕੀਤੀ। ਉਸ ਨੇ ਆਖਿਆ, ''ਮੇਰੇ ਲੋਕਾਂ ਨੂੰ ਬਰਬਾਦ ਨਾ ਹੋਣ ਦੇਵੇ,'' ''ਕਿਉਂਕਿ ਇਸ ਨਾਲ ਮੇਰਾ ਦਿਲ ਟੁੱਟ ਜਾਵੇਗਾ!''

ਪਾਠ ਵਿਚ ਇੱਥੇ ਅਸਤਰ ਦੇ ਆਪਣੇ ਲੋਕਾਂ ਦੇ ਨਾਲ ਮਰ ਜਾਣ ਦੀ ਸੰਭਾਵਨਾ ਦਾ ਜ਼ਿਕਰ ਨਹੀਂ ਹੈ। ਇਹ ਨਾ ਹੋਣ ਦੇ ਤਿੰਨ ਕਾਰਣ ਦੱਸੇ ਜਾ ਸਕਦੇ ਹਨ। (1) ਸ਼ਾਇਦ ਹੁਣ ਉਹਨੂੰ ਆਪਣੇ ਉੱਤੇ ਖ਼ਤਰਾ ਨਹੀਂ ਲਗਦਾ ਸੀ; ਹੁਣ ਉਹਨੂੰ ਬਾਦਸ਼ਾਹ ਵੱਲੋਂ ਉਸ ਨੂੰ ਬਚਾਉਣ ਲਈ ਖ਼ਾਸ ਇੰਤਜ਼ਾਮ ਵਿਖਾਏ ਜਾਣ ਦੀ ਉਮੀਦ ਸੀ ਭਾਵੇਂ ਦੂਜੇ ਯਹੂਦੀ ਖ਼ਤਮ ਹੋ ਜਾਂਦੇ। (2) ਉਹਨੂੰ ਇਹ ਲੱਗਾ ਹੋਵੇਗਾ ਕਿ ਇਸ ਮੌਕੇ ਤੇ ਆਪਣੀ ਬੇਨਤੀ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਬੇਲੋੜਾ ਹੈ। ਜੇ ਬਾਦਸ਼ਾਹ ਯਹੂਦੀ ਲੋਕਾਂ ਨੂੰ ਬਖ਼ਸ਼ ਦਿੰਦਾ ਤਾਂ ਉਹਦੀ ਆਪਣੀ ਸੁਰੱਖਿਆ ਦਾ ਮਸਲਾ ਬਣ ਜਾਣਾ ਸੀ। (3) ਸ਼ਾਇਦ ਉਹ ਨਿਰਸਵਾਰਥ ਹੋਣਾ ਵਿਖਾ ਰਹੀ ਸੀ। ਸ਼ਾਇਦ ਉਸ ਨੂੰ ਆਪਣੇ ਨਾਲੋਂ ਇਸ ਗੱਲ ਦਾ ਬਹੁਤਾ ਫਿਕਰ ਸੀ ਕਿ ਉਹਦੇ ਆਪਣੇ ਲੋਕਾਂ ਦਾ ਕੀ ਹੋਵੇਗਾ।

**ਆਇਤਾਂ 7, 8.** ਮਲਕਾ ਦੀ ਗੱਲ ਮੰਨ ਕੇ ਬਾਦਸ਼ਾਹ ਨੇ ਉਸ ਦੀ ਬੇਨਤੀ ਨੂੰ ਮੰਨ ਲਿਆ। **ਅਸਤਰ ਮਲਕਾ ਅਤੇ ਮਾਰਦਕਈ ਨੂੰ** (ਜਿਹੜਾ ਇੱਥੇ ਪਹਿਲ ਵਾਰ ਨਜ਼ਰ ਆਇਆ ਲਗਦਾ ਹੈ) ਬਾਦਸ਼ਾਹ ਨੇ ਉਹ ਦੱਸਿਆ ਜਿਹੜਾ ਉਹਨੇ ਪਹਿਲਾਂ ਕੀ ਕਰ ਲਿਆ ਸੀ ਅਤੇ ਫਿਰ ਜੋ ਉਸ ਨੇ ਯਹੂਦੀਆਂ ਲਈ ਕਰਨਾ ਸੀ। ਉਸ ਨੇ ਪਹਿਲਾਂ ਹੀ **ਹਾਮਾਨ ਦਾ ਘਰ ਅਸਤਰ ਨੂੰ ਦੇ ਦਿੱਤਾ** ਸੀ ਅਤੇ ਉਸ ਨੇ ਹੁਕਮ ਦਿੱਤਾ ਸੀ ਕਿ ਹਾਮਾਨ ਨੂੰ **ਸੂਲੀ ਉੱਤੇ ਟੰਗ ਦਿੱਤਾ** ਜਾਵੇ ... **ਇਸ ਲਈ ਕਿ ਉਸ ਨੇ ਯਹੂਦੀਆਂ ਉੱਤੇ ਹੱਥ ਚਲਾਇਆ ਸੀ**।

ਨਾਲੇ ਬਾਦਸ਼ਾਹ ਨੇ ਅੱਗੇ ਆਖਿਆ ਕਿ ਉਸ ਨੇ ਅਸਤਰ ਅਤੇ ਮਾਰਦਕਈ ਨੂੰ **ਪਾਤਸ਼ਾਹ ਦੇ ਨਾਉਂ ਉੱਤੇ** ਜੋ ਚਾਹੇ ਲਿਖਣ ਦੀ ਇਜਾਜ਼ਤ ਦੇ ਕੇ ਆਉਣ ਵਾਲੀ ਆਫ਼ਤ ਤੋਂ ਯਹੂਦੀਆਂ ਨੂੰ ਬਚਾਉਣਾ ਸੀ। **ਜਿਵੇਂ ਤੁਹਾਡੀ ਨਿਗਾਹ ਵਿਚ ਚੰਗਾ ਲੱਗੇ** ਵਾਕ ਅੰਸ਼ ਮੂਲ ਵਿਚ ''ਜੋ ਤੁਹਾਡੀ ਨਜ਼ਰ ਵਿਚ ਚੰਗਾ ਹੈ ਉਵੇਂ ਹੀ'' ਹੈ। ਮੂਲ ਹੁਕਮ ਵਾਂਗ, ਉਨ੍ਹਾਂ ਵੱਲੋਂ ਲਿਖੀ **ਲਿਖਤ ਨੂੰ ਕੋਈ ਮੋੜ ਨਹੀਂ ਸਕਦਾ** ਸੀ। ਬਾਦਸ਼ਾਹ ਨੇ ਇਹ ਨਹੀਂ ਦੱਸਿਆ ਕਿ ਹੁਕਮ ਵਿਚ ਕੀ ਲਿਖਿਆ ਜਾਵੇ; ਪਰ ਹੋ ਸਕਦਾ ਹੈ ਕਿ ਉਹਦੇ ਦਿਮਾਗ ਵਿਚ ਮਾਰਦਕਈ ਵੱਲੋਂ ਲਿਖੀ ਚਿੱਠੀ ਵਿਚ ਇਸ ਦਾ ਹੱਲ ਮਿਲਿਆ ਹੋਵੇ। ਅਸਲ ਵਿਚ ਜੇ ਪਹਿਲਾ ਕਾਨੂੰਨ ਨਾ ਬਦਲੇ ਜਾ ਸਕਣ ਯੋਗ ਸੀ, ਤਾਂ ਕਿਸੇ ਵੀ ਤਰ੍ਹਾਂ ਨਾਲ ਯਹੂਦੀਆਂ ਦੇ ਬਚਾਏ ਜਾ ਸਕਣ ਦੀ ਕਲਪਨਾ ਕਰਨਾ ਮੁਸ਼ਕਿਲ ਹੋਣਾ ਸੀ।

ਪਾਠਕ ਨਿਰਾਸ਼ ਹੋ ਸਕਦਾ ਹੈ ਕਿ ਅਹਸ਼ਵੇਰੋਸ਼ ਨੇ ਬਹੁਤਾ ਕੁਝ ਨਹੀਂ ਕੀਤਾ। ਅਸਲ ਵਿਚ ਅਸਤਰ ਦੇ ਹੰਝੂਆ ਦਾ ਅਤੇ ਜੋਸ਼ ਦੁਆਉਣ ਵਾਲੀ ਬੇਨਤੀ ਦਾ ਉਸ ਦਾ ਜਵਾਬ ਥੋੜ੍ਹਾ ਜਿਹਾ ਠੰਡਾ ਲਗਦਾ ਹੈ, ਜਿਵੇਂ ਉਹ ਆਖ ਰਿਹਾ ਹੋਵੇ, ''ਮੈਨੂੰ ਇਸ ਮੁਸ਼ਕਿਲ ਬਾਰੇ ਪਰੇਸ਼ਾਨ ਨਾ ਕਰੋ। ਮੈਂ ਜੋ ਕਰ ਸਕਦਾ ਹਾਂ ਉਹ ਮੈਂ ਕਰ ਦਿੱਤਾ ਹੈ, ਹੁਣ ਤੁਸੀਂ ਆਪੇ ਨਜਿੱਠੋ।'' ਇਹ ਸੰਭਵ ਹੈ ਕਿ ਉਸ ਦਾ ਜਵਾਬ ਇਸ ਤੱਥ ਉੱਤੇ ਅਧਾਰਿਤ ਹੈ ਕਿ ਉਹ ਯਹੂਦੀਆਂ ਨੂੰ ਇਕ ਹੋਰ ਹੁਕਮ ਜਾਰੀ ਕਰਨ ਤੋਂ ਛੁਟ ਹੋਰ ਕੁਝ ਨਹੀਂ ਕਰ ਸਕਦਾ ਜਿਹੜਾ ਇਕ ਅਰਥ ਵਿਚ ਪਹਿਲੇ ਨੂੰ ਰੱਦਦਾ ਹੋਵੇ। ਉਹਦੇ ਹੱਥ ਕਾਨੂੰਨ

ਨਾਲ ਬੱਧੇ ਸਨ ਕਿ ਬਾਦਸ਼ਾਹ ਦਾ ਕਾਨੂੰਨ ਬਦਲਿਆ ਜਾਂ ਰੱਦ ਨਹੀਂ ਕੀਤਾ ਜਾ ਸਕਦਾ (1:19; ਦਾਨੀਏਲ 6:8, 12, 15), ਅਜਿਹਾ ਨਿਯਮ ਜਿਹੜਾ ਸਲਤਨਤ ਦੀ ਨੀਂਹ ਦਾ ਹਿੱਸਾ ਲਗਦਾ ਸੀ। ਇਹ ਗੱਲ ਕਿ ਉਸ ਨੇ ਦਸਤਾਵੇਜ਼ ਦੀ ਲਿਖਤ ਦੂਜਿਆਂ ਨੂੰ ਫੜਾ ਦਿੱਤੀ, ਪੂਰੀ ਕਿਤਾਬ ਵਿਚ ਉਸ ਦੇ ਵਿਹਾਰ ਨਾਲ ਮੇਲ ਖਾਂਦੀ ਹੈ।

## ਯਹੂਦੀਆਂ ਨੂੰ ਆਪਣਾ ਬਚਾਅ ਕਰਨ ਦੀ ਇਜਾਜ਼ਤ ਦੇਣ ਵਾਲਾ ਨਵਾਂ ਆਦੇਸ਼ ਲਿਖਿਆ ਜਾਣਾ (8:9-14)

**[9]ਤਾਂ ਉਸ ਵੇਲੇ ਤੀਸਰੇ ਮਹੀਨੇ ਅਰਥਾਤ ਸੀਵਾਨ ਦੇ ਮਹੀਨੇ ਦੀ ਤੇਈਵੀਂ ਤਾਰੀਖ ਨੂੰ ਪਾਤਸ਼ਾਹ ਦੇ ਲਿਖਾਰੀ ਸੱਦੇ ਗਏ ਅਤੇ ਮਾਰਦਕਈ ਦੇ ਸਾਰੇ ਹੁਕਮ ਅਨੁਸਾਰ ਯਹੂਦੀਆਂ ਦੇ ਲਈ ਅਰ ਮਨਸਬਦਾਰਾਂ ਅਤੇ ਨੈਬ-ਮਨਸਬਦਾਰਾਂ ਲਈ ਅਤੇ ਸੂਬਿਆਂ ਦੇ ਸਰਦਾਰਾਂ ਲਈ ਜਿਹੜੇ ਹਿੰਦ ਤੋਂ ਕੂਸ਼ ਤੀਕ ਇਕ ਸੌ ਸਤਾਈ ਸੂਬਿਆਂ ਵਿਚ ਸਨ ਹਰ ਸੂਬੇ ਨੂੰ ਉਹ ਦੀ ਲਿਖਤ ਵਿਚ ਅਰ ਹਰ ਉੱਮਤ ਨੂੰ ਉਹ ਦੀ ਬੋਲੀ ਵਿਚ ਅਤੇ ਯਹੂਦੀਆਂ ਨੂੰ ਉਨ੍ਹਾਂ ਦੀ ਲਿਖਤ ਅਤੇ ਬੋਲੀ ਵਿਚ ਲਿਖਿਆ ਗਿਆ [10]ਅਤੇ ਉਸ ਨੇ ਅਹਸ਼ਵੇਰੋਸ਼ ਪਾਤਸ਼ਾਹ ਦੇ ਨਾਉਂ ਉੱਤੇ ਲਿਖਿਆ ਅਤੇ ਉਸ ਉੱਤੇ ਪਾਤਸ਼ਾਹ ਦੀ ਮੋਹਰ ਲਾ ਲਈ ਅਤੇ ਓਹ ਪੱਤਰ ਅਸਵਾਰ ਡਾਕੀਆਂ ਦੇ ਰਾਹੀਂ ਘੱਲੇ ਜਿਹੜੇ ਤੇਜ਼ ਘੋੜਿਆਂ ਉੱਤੇ ਅਰਥਾਤ ਸ਼ਾਹੀ ਸਾਹਨ ਘੋੜਿਆਂ ਦੇ ਬੱਚਿਆਂ ਉੱਤੇ ਸਨ [11]ਉਨ੍ਹਾਂ ਵਿਚ ਪਾਤਸ਼ਾਹ ਨੇ ਯਹੂਦੀਆਂ ਨੂੰ ਜਿਹੜੇ ਹਰ ਇਕ ਸ਼ਹਿਰ ਵਿਚ ਸਨ ਇਕੱਠੇ ਹੋ ਜਾਣ ਦੀ ਆਗਿਆ ਦਿੱਤੀ ਕਿ ਆਪਣੀ ਜਾਨ ਦੇ ਬਚਾਉਣ ਲਈ ਅੜ ਜਾਣ ਅਤੇ ਉਨ੍ਹਾਂ ਲੋਕਾਂ ਤੇ ਸੂਬਿਆਂ ਦੀ ਸਾਰੀ ਫ਼ੌਜ ਨੂੰ ਨਾਸ਼ ਕਰਨ, ਵੱਢਣ, ਅਤੇ ਮਿਟਾਉਣ ਜਿਹੜੀ ਉਨ੍ਹਾਂ ਉੱਤੇ, ਉਨ੍ਹਾਂ ਦੇ ਬੱਚਿਆਂ ਤੇ ਤੀਵੀਆਂ ਉੱਤੇ ਵਾਰ ਕਰੇ ਅਤੇ ਉਨ੍ਹਾਂ ਦਾ ਮਾਲ ਲੁੱਟ ਲੈਣ [12]ਇਹ ਅਹਸ਼ਵੇਰੋਸ਼ ਪਾਤਸ਼ਾਹ ਦੇ ਸਾਰੇ ਸੂਬਿਆਂ ਵਿਚ ਬਾਰਵੇਂ ਮਹੀਨੇ ਅਰਥਾਤ ਅਦਾਰ ਮਹੀਨੇ ਦੀ ਤੇਰਵੀਂ ਤਾਰੀਖ ਨੂੰ ਇੱਕੇ ਹੀ ਦਿਨ ਹੋਵੇ [13]ਇਸ ਹੁਕਮ ਦੇ ਲਿਖਤ ਦੀ ਇਕ ਇਕ ਨਕਲ ਸਾਰੀਆਂ ਉੱਮਤਾਂ ਦੇ ਲਈ ਅਰ ਸਾਰਿਆਂ ਸੂਬਿਆਂ ਲਈ ਪਰਕਾਸ਼ਤ ਕੀਤੀ ਗਈ ਭਈ ਯਹੂਦੀ ਉਸ ਦਿਨ ਆਪਣੇ ਵੈਰੀਆਂ ਤੋਂ ਬਦਲਾ ਲੈਣ ਲਈ ਤਿਆਰ ਰਹਿਣ [14]ਸੋ ਉਹ ਡਾਕੀਏ ਜਿਹੜੇ ਤੇਜ਼ ਸ਼ਾਹੀ ਘੋੜਿਆਂ ਉੱਤੇ ਅਸਵਾਰ ਸਨ ਨਿੱਕਲ ਤੁਰੇ ਅਤੇ ਓਹ ਪਾਤਸ਼ਾਹ ਦੇ ਹੁਕਮ ਅਨੁਸਾਰ ਸ਼ਤਾਬੀ ਕਰਦੇ ਸਨ ਅਰ ਇਹ ਹੁਕਮ ਸ਼ੂਸ਼ਨ ਦੇ ਮਹਿਲ ਵਿਚ ਵੀ ਦਿੱਤਾ ਗਿਆ।**

ਫਿਰ ਮਾਰਦਕਈ ਨੇ ਬਾਦਸ਼ਾਹ ਵੱਲੋਂ ਇਕ ਹੁਕਮ ਜਾਰੀ ਕੀਤਾ ਜਿਸ ਵਿਚ ਯਹੂਦੀਆਂ ਨੂੰ ਉਨ੍ਹਾਂ ਦੇ ਖ਼ਾਤਮੇ ਵਾਲੇ ਦਿਨ ਆਪਣਾ ਬਚਾਅ ਕਰਨ ਦੀ ਇਜਾਜ਼ਤ ਦਿੱਤੀ ਗਈ। ਪਹਿਲਾਂ ਵਾਲੇ ਆਦੇਸ਼ ਵਾਂਗ ਇਹ ਵੀ ਪੂਰੀ ਸਲਤਨਤ ਵਿਚ ਘੱਲਿਆ ਗਿਆ।

**ਆਇਤਾਂ 9, 10.** ਆਦੇਸ਼ ਵਿਚਲੀਆਂ ਗੱਲਾਂ ਪਰਗਟ ਕੀਤੇ ਜਾਣ ਤੋਂ ਪਹਿਲਾਂ ਇਸ ਦੀ ਲਿਖਤ ਅਤੇ ਪਸਾਰ ਦੇ ਤੱਥ ਦਿੱਤੇ ਜਾਂਦੇ ਹਨ। ਆਇਤਾਂ 9 ਅਤੇ 10 ਵਿਚ ਉਸ ਐਲਾਨ ਦਾ ਵੇਰਵਾ ਦਿੱਤਾ ਗਿਆ ਹੈ:[5]

1. *ਆਦੇਸ਼ ਕਿਸ ਨੇ ਲਿਖਿਆ:* **ਬਾਦਸ਼ਾਹ ਦੇ ਲਿਖਾਰੀ** ਨੇ। ਕਈ ਲਿਖਾਰੀਆਂ ਦੀ ਲੋੜ ਪਈ ਹੋਵੇਗੀ ਕਿਉਂ ਜੋ ਆਦੇਸ਼ ਦੀਆਂ ਨਕਲਾਂ **ਹਰ ਸੂਬੇ ਨੂੰ ਉਹਦੀ ਲਿਖਤ ਵਿਚ** ਪੂਰੀ ਫ਼ਾਰਸੀ ਸਲਤਨਤ ਵਿਚ ਘੱਲੀਆਂ ਜਾਣੀਆਂ ਸਨ।

2. *ਇਹ ਕਦੋਂ ਲਿਖਿਆ ਗਿਆ:* **ਤੀਸਰੇ ਮਹੀਨੇ ਅਰਥਾਤ ਸੀਵਾਨ ਦੇ ਮਹੀਨੇ** (**ਦੀ ਤੇਈਵੀਂ ਤਾਰੀਖ** ਜਾਂ ਮਈ/ਜੂਨ) ਨੂੰ, ਬਾਦਸ਼ਾਹ ਵੱਲੋਂ ਪਹਿਲੇ ਹੁਕਮ ਦੇ ਆਮ ਕੀਤੇ ਜਾਣ ਤੋਂ ਦੋ ਮਹੀਨੇ ਦਸ ਦਿਨਾਂ ਬਾਅਦ (3:12), ਅਤੇ ਯਹੂਦੀਆਂ ਦੇ ਖਾਤਮੇ ਦੀ ਠਹਿਰਾਈ ਹੋਈ ਤਰੀਕ ਤੋਂ ਕਰੀਬ ਅੱਠ

ਮਹੀਨੇ ਪਹਿਲੇ। ਟੀਕਾਕਾਰਾਂ ਨੇ ਸੁਝਾਅ ਦਿੱਤਾ ਹੈ ਕਿ ਕਿਤਾਬ ਦੇ ਪਹਿਲੇ ਪਾਠਕਾਂ ਨੇ ਇਨ੍ਹਾਂ ਸੱਤਰ ਦਿਨਾਂ ਨੂੰ ਬਾਬਲ ਦੀ ਅਸੀਰੀ ਦੇ ਸੱਤਰ ਸਾਲਾਂ ਨਾਲ ਮਿਲਾਇਆ ਹੋਵੇਗਾ। ਸੱਤਰ ਦਿਨਾਂ ਤਕ ਯਹੂਦੀ ਲੋਕ ਮੌਤ ਦੀ ਸਜ਼ਾ ਦੇ ਤਹਿਤ ਸਨ; ਫਿਰ ਉਨ੍ਹਾਂ ਨੂੰ ਪੱਕੇ ਨਾਸ ਤੋਂ ਕੱਢਿਆ ਗਿਆ, ਬਿਲਕੁਲ ਉਵੇਂ ਜਿਵੇਂ ਸੱਤਰ ਸਾਲਾਂ ਬਾਅਦ ਯਹੂਦੀਆਂ ਨੂੰ ਬਾਬਲ ਵਿੱਚੋਂ ਕੱਢਿਆ ਗਿਆ ਸੀ।

3. *ਇਸ ਨੂੰ ਕਿਸ ਨੇ (ਕਲਮਬੰਦ ਕੀਤਾ) ਲਿਖਿਆ:* **ਮਾਰਦਕਈ ਨੇ**। ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਹਨੂੰ ਲੋਕਾਂ ਨੂੰ ਇਹ ਹੁਕਮ ਦੇਣ ਦਾ ਇਖ਼ਤਿਆਰ ਸੀ ਕਿ ਸੂਬਿਆਂ ਦੇ ਲੋਕ ਉਹਦੇ ਆਦੇਸ਼ ਨੂੰ ਮੰਨਣ।

4. *ਇਹ ਕਿਸ ਨੂੰ ਲਿਖਿਆ ਗਿਆ:* **ਯਹੂਦੀਆਂ** ਅਤੇ **ਹਿੰਦ ਤੋਂ ਕੂਸ਼** ਤਕ ਦੇ ਸਾਰੇ **ਇਕ ਸੌ ਸਤਾਈ ਸੂਬਿਆਂ** ਭਾਵ ਸਾਰੀ ਸਲਤਨਤ ਦੇ ਸਭ ਸੂਬਿਆਂ ਦੇ ਸਰਦਾਰਾਂ ਨੂੰ।

5. *ਇਹ ਕਿਵੇਂ ਲਿਖਿਆ ਗਿਆ:* **ਹਰ ਸੂਬੇ ਦੀ ਲਿਖਤ** ਵਿਚ ਅਤੇ **ਬੋਲੀ ਵਿਚ,** ਤਾਂ ਜੋ ਹਰ ਕੋਈ ਆਦੇਸ਼ ਨੂੰ ਆਪਣੀ ਹੀ ਭਾਸ਼ਾ ਵਿਚ ਪੜ੍ਹ (ਜਾਂ ਸੁਣ) ਸਕੇ। ਲੇਖਕ ਨੇ ਇਹ ਕਹਿਣ ਦੇ ਅਰਥ ਵਿਚ ਚਿੱਠੀ **ਯਹੂਦੀਆਂ ਨੂੰ** ਘੱਲੀ ਗਈ ਅਤੇ **ਉਨ੍ਹਾਂ ਦੀ ਲਿਖਤ ਅਤੇ ਬੋਲੀ ਵਿਚ** ਲਿਖਿਆ।

6. *ਇਹ ਕਿਸ ਦੇ ਇਖ਼ਤਿਆਰ ਨਾਲ ਘੱਲਿਆ ਗਿਆ:* **ਅਹਸ਼ਵੇਰੋਸ਼ ਪਾਤਸ਼ਾਹ** ਦੇ ਮਾਰਦਕਈ ਨੇ ਆਦੇਸ਼ ਨਾ ਸਿਰਫ਼ ਬਾਦਸ਼ਾਹ ਦੇ **ਨਾਉਂ ਉੱਤੇ ਲਿਖਿਆ**, ਬਲਕਿ ਉਸ ਨੇ **ਉਸ ਉੱਤੇ ਪਾਤਸ਼ਾਹ ਦੀ ਮੋਹਰ** ਵੀ ਲਾਈ।

7. *ਆਦੇਸ਼ ਕਿਵੇਂ ਘੱਲਿਆ ਗਿਆ:* ਡਾਕੀਆਂ ਦੇ ਰਾਹੀਂ ਘੋੜਿਆਂ ਉੱਤੇ। ਇਨ੍ਹਾਂ ਦੂਤਾਂ ਨੇ ਪੂਰੇ ਸਲਤਨਤ ਵਿਚ ਆਦੇਸ਼ ਦੇਣ ਲਈ ਸਭ ਤੋਂ ਵਧੀਆ ਘੋੜਿਆਂ ਭਾਵ **ਸ਼ਾਹੀ ਸਾਹਨ ਘੋੜਿਆਂ** ਦੀ ਵਰਤੋਂ ਕੀਤੀ।

**ਆਇਤਾਂ 11, 12.** ਫਿਰ ਆਦੇਸ਼ ਵਿਚਲੀਆਂ ਗੱਲਾਂ ਨੂੰ ਸੰਖੇਪ ਕੀਤਾ ਗਿਆ। ਹਰ ਥਾਂ **ਯਹੂਦੀਆਂ ਨੂੰ ਇਕੱਠੇ ਹੋ ਜਾਣ** ਅਤੇ **ਆਪਣੀ ਜਾਨ ਦੇ ਬਚਾਉਣ** ਅਤੇ ਆਪਣੇ ਉੱਤੇ ਹਮਲਾ ਕਰਨ ਵਾਲੇ ਕਿਸੇ ਨੂੰ ਵੀ ਹਰਾਉਣ ਦੀ ਇਜਾਜ਼ਤ ਦਿੱਤੀ ਗਈ। ਜੇ ਯਹੂਦੀ ਖ਼ੁਦ ਮਾਰਦਕਈ ਦੇ ਹੁਕਮ ਦੇ ਬਗ਼ੈਰ ਮੁਕਾਬਲਾ ਕਰਦੇ ਤਾਂ ਉਨ੍ਹਾਂ ਨੇ ਫ਼ਾਰਸੀ ਕਾਨੂੰਨ ਦਾ ਉਲੰਘਣ ਕਰਨ ਵਾਲੇ ਹੋਣਾ ਸੀ। ਜਵਾਬੀ ਹੁਕਮ ਤੋਂ ਪਹਿਲਾਂ, ਉਹ ਜਾਂ ਤਾਂ ਹਾਮਾਨ ਵੱਲੋਂ ਠਹਿਰਾਏ ਗਏ ਦਿਨ ਸਥਾਨਕ ਦੁਸ਼ਮਣਾਂ ਦੇ ਹੱਥੋਂ ਸਵੈ ਇੱਛਾ ਨਾਲ ਮਰ ਸਕਦੇ ਸਨ ਜਾਂ ਉਨ੍ਹਾਂ ਨਾਲ ਬਗ਼ਾਵਤ ਕਰਕੇ ਫ਼ਾਰਸੀ ਫ਼ੌਜ ਦੇ ਕਹਿਰ ਦਾ ਸਾਹਮਣਾ ਕਰ ਸਕਦੇ ਸਨ।

ਇਸ ਹੁਕਮ ਵਿਚ ਵਰਤੇ ਗਏ ਸ਼ਬਦ ਮੂਲ ਹੁਕਮ ਵਿਚ ਮਿਲਣ ਵਾਲੇ ਸ਼ਬਦ ਹੀ ਸਨ। ਜਿਵੇਂ ਯਹੂਦੀਆਂ ਦੇ ਦੁਸ਼ਮਣਾਂ ਨੂੰ ਯਹੂਦੀਆਂ ਨੂੰ ''ਨਾਸ ਕਰਨ, ਅਰ ਵੱਢ ਸੁੱਟੇ ਜਾਣ ਅਰ ਮਿਟਾ ਦਿੱਤੇ ਜਾਣ'' ਦਾ ਹੱਕ ਮਿਲਿਆ ਸੀ (3:13; ਵੇਖੋ 7:4), ਉਵੇਂ ਹੀ ਹੁਣ ਯਹੂਦੀਆਂ ਨੂੰ ਉਨ੍ਹਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ **ਨਾਸ ਕਰਨ, ਵੱਢਣ ਅਤੇ ਮਿਟਾਉਣ** ਦਾ ਹੱਕ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਹੁਕਮ ਵਿਚ ਯਹੂਦੀਆਂ ਨੂੰ ਆਪਣੇ ਹਮਲਾਵਰਾਂ ਦਾ **ਮਾਲ ਲੁੱਟ ਲੈਣ** ਦੀ ਇਜਾਜ਼ਤ ਦਿੱਤੀ ਗਈ, ਭਾਵੇਂ ਉਨ੍ਹਾਂ ਨੇ ਇਸ ਇਖ਼ਤਿਆਰ ਦੀ ਵਰਤੋਂ ਨਹੀਂ ਕੀਤੀ (ਵੇਖੋ 9:10, 15, 16)।

ਹੁਕਮ ਵਿਚ ਦੱਸਿਆ ਗਿਆ ਕਿ ਯਹੂਦੀਆਂ ਨੂੰ ਆਪਣਾ ਬਚਾਅ ਕਰਨ ਅਤੇ ਆਪਣੇ ਦੁਸ਼ਮਣਾਂ ਦਾ ਨਾਸ ਕਰਨ ਦੀ ਇਜਾਜ਼ਤ ਕਦੋਂ ਸੀ। **ਬਾਰਵੇਂ ਮਹੀਨੇ ਅਰਥਾਤ ਅਦਾਰ ਮਹੀਨੇ ਦੀ ਤੇਰਵੀਂ ਤਾਰੀਖ ਨੂੰ** (ਜਾਂ ਫਰਵਰੀ/ਮਾਰਚ) ਭਾਵ ਉਨ੍ਹਾਂ ਦੀ ਬਰਬਾਦੀ ਵਾਲੇ ਪਹਿਲਾਂ ਤੈਅ ਦਿਨ (3:13)। ਉਸ ਦਿਨ, ਪਹਿਲੇ ਹੁਕਮ ਦੇ ਮੁਤਾਬਕ, ਯਹੂਦੀਆਂ ਦੇ ਦੁਸ਼ਮਣ, ਯਹੂਦੀਆਂ ਦਾ ਨਾਸ ਕਰਨ ਲਈ ਕੋਈ ਵੀ ਤਰੀਕਾ ਵਰਤ ਸਕਦੇ ਸਨ; ਪਰ ਓਸੇ ਦਿਨ, ਯਹੂਦੀ ਹੁਣ ਆਪਣਾ ਬਚਾਅ ਕਰਕੇ, ਆਪਣੇ ਦੁਸ਼ਮਣਾਂ ਨੂੰ ਮਾਰ ਅਤੇ ਆਪਣੇ ਦੁਸ਼ਮਣਾਂ ਦਾ ਮਾਲ ਲੁੱਟ ਸਕਦੇ ਸਨ। ਪੌਲ ਟੀ. ਬਟਲਰ ਦੇ ਮੁਤਾਬਕ ''ਮਾਰਦਕਈ ਦੇ

ਹੁਕਮ ਵਿਚ ਸਾਫ਼ ਤੌਰ ਤੇ ਸਿਰਫ਼ ਬਚਾਅ ਦੀ ਕਾਰਵਾਹੀ ਦੀ ਇਜਾਜ਼ਤ ਹੈ। ਯਹੂਦੀਆਂ ਨੂੰ ਤਦ ਤਕ ਹਮਲਾ ਕਰਲ ਦੀ ਇਜਾਜ਼ਤ ਨਹੀਂ ਸੀ ਜਦ ਤਕ ਉਨ੍ਹਾਂ ਉੱਤੇ ਹਮਲਾ ਨਾ ਹੁੰਦਾ।''[6]

ਮਾਰਦਕਈ ਵੱਲੋਂ ਲਿਖੇ ਗਏ ਹੁਕਮ ਵਿਚ ਕੁਝ ਦਿੱਕਤਾ ਸਨ। ਭਲਾ ਯਹੂਦੀਆਂ ਨੂੰ ਲੋਕਾਂ ਦੀ ਵੱਡੀ ਗਿਣਤੀ ਨੂੰ ''ਨਾਸ ਕਰਨ, ਵੱਢਣ ਅਤੇ ਮਿਟਾਉਣ'' ਲਈ ਦਿੱਤੇ ਇਖ਼ਤਿਆਰ ਨੂੰ ਸਹੀ ਕਿਵੇਂ ਠਹਿਰਾਇਆ ਜਾ ਸਕਦਾ ਹੈ? ਖ਼ਾਸ ਕਰਕੇ, ਯਹੂਦੀਆਂ ਦੇ **ਬੱਚਿਆਂ ਤੇ ਤੀਵੀਂਆਂ** ਨੂੰ ਮਾਰਣ ਦੇ ਇਖ਼ਤਿਆਰ ਦਾ ਬਚਾਅ ਕਿਵੇਂ ਕੀਤਾ ਜਾ ਸਕਦਾ ਹੈ?

ਪਹਿਲਾ, ਯਹੂਦੀਆਂ ਨੂੰ ਕਿਸੇ ਉੱਤੇ ਹਮਲਾ ਕਰਨ ਦੀ ਇਜਾਜ਼ਤ ਨਹੀਂ ਸੀ, ਬਲਕਿ ਸਿਰਫ਼ ਆਪਣੇ ਉੱਤੇ ਹਮਲਾ ਕਰਨ ਵਾਲਿਆਂ ਤੋਂ ਆਪਣਾ ਬਚਾਅ ਕਰਨ ਦੀ ਇਜਾਜ਼ਤ ਸੀ। ਉਨ੍ਹਾਂ ਨੇ ਆਪਣੀ ਰੱਖਿਆ ਕਰਨੀ ਸੀ, ਨਾ ਕਿ ਉਨ੍ਹਾਂ ਸਭਨਾਂ ਨੂੰ ਜਿਨ੍ਹਾਂ ਨੂੰ ਉਹ ਦੁਸ਼ਮਣ ਮੰਨਦੇ ਸਨ ਨਾਸ ਕਰਨਾ ਸੀ। ਜੇ ਕੋਈ ਉਨ੍ਹਾਂ ਉੱਤੇ ਹਮਲਾ ਨਾ ਕਰਦਾ, ਤਾਂ ਉਨ੍ਹਾਂ ਨੇ ਕਿਸੇ ਨੂੰ ਵੀ ਭਾਵ ਆਦਮੀਆਂ, ਔਰਤਾਂ ਜਾਂ ਬੱਚਿਆਂ ਨੂੰ ਨਹੀਂ ਮਾਰਨਾ ਸੀ।

ਦੂਜਾ, ਮਾਰਦਕਈ ਦੇ ਹੁਕਮ ਦੇ ਸ਼ਬਦਾਂ ਨੂੰ ਜਾਣ-ਬੁੱਝ ਕੇ ਮੂਲ ਹੁਕਮ ਦੇ ਸ਼ਬਦਾਂ ਦੀ ਨਕਲ ਕੀਤਾ ਗਿਆ (ਜਿਸ ਵਿਚ ਬੱਚਿਆਂ ਅਤੇ ''ਤੀਵੀਂਆਂ'' ਦਾ ਜ਼ਿਕਰ ਸੀ; 3:13); ਕੋਈ ਸ਼ੱਕ ਨਹੀ ਕਿ ਇਹ ਇਸ ਨੂੰ ਪ੍ਰਭਾਵੀ ਢੰਗ ਨਾਲ ਰੱਦ ਕਰਨ ਲਈ ਸੀ। ਹੁਕਮ ਵਿਚ ਸ਼ਾਮਿਲ ''ਤੀਵੀਆਂ ਅਤੇ ਬੱਚਿਆਂ'' ਦਾ ਮਤਲਬ ਜ਼ਰੂਰੀ ਨਹੀਂ ਕਿ ਉਹ ਮਾਰ ਦਿੱਤੇ ਗਏ। ਅਸਲ ਵਿਚ ਆਪਣੇ ਦੁਸ਼ਮਣਾਂ ਉੱਤੇ ਯਹੂਦੀਆਂ ਦੀ ਫ਼ਤਹਿ ਦੀ ਰਿਪੋਰਟ ਵਿਚ ਸਿਰਫ਼ ਆਦਮੀਆਂ ਦੇ ਮਾਰੇ ਜਾਣ ਦੀ ਗੱਲ ਹੈ (9:5-16)।

ਤੀਜਾ, ਯਹੂਦੀਆਂ ਦੇ ਆਪਣੇ ਦੁਸ਼ਮਣਾਂ ਨੂੰ ਮਾਰਨ ਦੀ ਗੱਲ ਮਸੀਹੀ ਲੋਕਾਂ ਦੇ ਆਪਣੇ ਦੁਸ਼ਮਣਾਂ ਨਾਲ ਵਿਹਾਰ ਵਰਗਾ ਨਹੀਂ ਹੈ। ਯਹੂਦੀ ਕੌਮ ਦਾ ਬਣੇ ਰਹਿਣਾ ਜ਼ਰੂਰੀ ਸੀ ਤਾਂ ਜੋ ਅਬਰਾਹਾਮ ਦੀ ਅੰਸ ਦੇ ਰਾਹੀਂ ਮਸੀਹਾ ਜਗਤ ਵਿਚ ਆ ਸਕਦਾ। ਇਤਹਾਸ ਵਿਚ ਕਈ ਮੌਕਿਆਂ ਤੇ, ਖ਼ੁਦਾ ਨੇ ਹੋਰਨਾਂ ਲੋਕਾਂ ਦੇ ਖ਼ਿਲਾਫ਼ ਤਾਕਤ ਦਾ ਇਖ਼ਤਿਆਰ ਦਿੱਤਾ, ਜਿਸ ਨਾਲ ਇਸਰਾਏਲ ਨਿਆਂ ਦਾ ਉਸ ਦਾ ਜ਼ਰੀਆ ਬਣਿਆ ਅਤੇ ਨਾਲ ਹੀ ਇਸਰਾਏਲ ਦਾ ਬਚਾਅ ਹੋਇਆ। ਮਾਰਦਕਈ ਦੇ ਸਮੇਂ ਯਹੂਦੀਆਂ ਦੀ ਆਪਣੇ ਦੁਸ਼ਮਣਾਂ ਉੱਤੇ ਜਿੱਤ (ਅਤੇ ਉਨ੍ਹਾਂ ਦੇ ਦੁਸ਼ਮਣਾਂ ਦਾ ਮਾਰਿਆ ਜਾਣਾ) ਉਨ੍ਹਾਂ ਮੌਕਿਆਂ ਵਿੱਚੋਂ ਸਿਰਫ਼ ਇਕ ਸੀ ਜਿਨ੍ਹਾਂ ਤੇ ਖ਼ੁਦਾ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ ਸਰੀਰਕ ਬਲ ਦੀ ਵਰਤੋਂ ਕੀਤੀ।

**ਆਇਤਾਂ 13, 14.** ਲੇਖਕ ਨੇ ਲਿਖਿਆ ਕਿ **ਹੁਕਮ** ਫ਼ਾਰਸ ਦੇ **ਸਾਰਿਆਂ ਸੂਬਿਆਂ** ਵਿਚ **ਪਰਕਾਸ਼ਤ** ਕੀਤਾ ਗਿਆ। ਇਸ ਨਾਲ ਯਹੂਦੀਆਂ ਨੂੰ ਉਸ ਦਿਨ ਦੀ ਤਿਆਰੀ ਕਰਨੀ ਸੰਭਵ ਹੋ ਜਾਣੀ ਸੀ ਜਿਸ ਦਿਨ ਉਨ੍ਹਾਂ ਨੂੰ **ਆਪਣੇ ਵੈਰੀਆਂ ਤੋਂ ਬਦਲਾ ਲੈਣ** ਦੀ ਇਜਾਜ਼ਤ ਮਿਲਣੀ ਸੀ। ਤੇਜ਼ **ਡਾਕੀਏ** ਜਿਨ੍ਹਾਂ ਨੂੰ ਬਾਦਸ਼ਾਹ ਵੱਲੋਂ ਘੱਲਿਆ ਗਿਆ ਅਤੇ **ਤੇਜ਼ ਸ਼ਾਹੀ ਘੋੜਿਆਂ ਉੱਤੇ ਅਸਵਾਰ** ਲੋਕਾਂ ਨੇ ਹੁਕਮ ਨੂੰ ਅਹਸ਼ਵੇਰੋਸ਼ ਦੀ ਪੂਰੀ ਸਲਤਨਤ ਵਿਚ ਪਹੁੰਚਾ ਦਿੱਤਾ। ਖ਼ਾਸ ਧਿਆਨ ਇਸ ਗੱਲ ਉੱਤੇ ਦਿੱਤਾ ਗਿਆ ਹੈ ਕਿ ਇਹ **ਹੁਕਮ ਸ਼ੂਸ਼ਨ ਦੇ ਮਹਿਲ ਵਿਚ** ਭਾਵ ਉਸ ਥਾਂ ਵੀ ਦਿੱਤਾ ਗਿਆ ਜਿੱਥੋਂ ਇਹ ਨਿੱਕਲਿਆ ਸੀ।

## ਆਦੇਸ਼ ਦਾ ਨਤੀਜਾ (8:15-17)

**15ਮਾਰਦਕਈ ਪਾਤਸ਼ਾਹ ਦੇ ਹਜ਼ੂਰੋਂ ਨੀਲੀ ਅਰ ਚਿੱਟੀ ਸ਼ਾਹੀ ਪੁਸ਼ਾਕ ਅਤੇ ਸੋਨੇ ਦਾ ਇਕ ਵੱਡਾ ਮੁਕਟ ਅਰ ਕਤਾਨੀ ਅਰ ਬੈਂਗਣੀ ਚੋਗਾ ਪਾ ਕੇ ਬਾਹਰ ਨਿੱਕਲਿਆ ਅਤੇ ਸ਼ੂਸ਼ਨ ਸ਼ਹਿਰ ਅਨੰਦ ਪਰਸੰਨ ਹੋਇਆ 16ਅਤੇ ਯਹੂਦੀਆਂ ਨੂੰ ਰੌਸ਼ਨੀ, ਅਨੰਦ, ਸੁੱਖ ਅਤੇ ਪਤ ਪ੍ਰਾਪਤ ਹੋਈ 17ਤਾਂ ਸੂਬੇ ਸੂਬੇ ਅਰ ਸ਼ਹਿਰ ਸ਼ਹਿਰ ਵਿਚ ਜਿੱਥੇ ਕਿਤੇ ਪਾਤਸ਼ਾਹ ਦੀ ਗੱਲ ਅਤੇ ਹੁਕਮ ਗਿਆ ਯਹੂਦੀਆਂ ਲਈ ਅਨੰਦ, ਸੁੱਖ, ਦਾਉਤ ਅਤੇ ਸ਼ੁਭ ਦਿਨ ਸੀ ਅਤੇ ਉਸ ਦੇਸ ਦੇ ਬਹੁਤ ਸਾਰੇ ਲੋਕ ਯਹੂਦੀ ਬਣ ਬੈਠੇ ਕਿਉਂਕਿ**

**ਯਹੂਦੀਆਂ ਦਾ ਭੈ ਉਨ੍ਹਾਂ ਉੱਤੇ ਛਾ ਗਿਆ।**

ਬਾਦਸ਼ਾਹ ਦੇ ਹੁਕਮ ਦੇ ਪ੍ਰਕਾਸ਼ਿਤ ਹੋ ਜਾਣ ਤੋਂ ਬਾਅਦ ਮਾਰਦਕਈ ਬਾਦਸ਼ਾਹ ਦੇ ਪ੍ਰਧਾਨ ਮੰਤਰੀ ਦੇ ਤੌਰ ਤੇ ਆਪਣੇ ਰੁਤਬੇ ਨਾਲ ਮੇਲ ਖਾਂਦੀ ਪੋਸ਼ਾਕ ਪਹਿਨ ਕੇ ਲੋਕਾਂ ਦੇ ਸਾਹਮਣੇ ਆਇਆ। ਉਸ ਵਕਤ, ਸ਼ੂਸ਼ਨ ਦੇ ਲੋਕਾਂ ਨੇ ਅਨੰਦ ਮਨਾਇਆ, ਯਹੂਦੀਆਂ ਨੇ ਉਸ ਦੀ ਜਾਨ ਬਖਸ਼ੇ ਜਾਣ ਦਾ ਜਸ਼ਨ ਮਨਾਇਆ, ਅਤੇ ਬਹੁਤ ਸਾਰੇ ਗੈਰਕੌਮ ਲੋਕ ਯਹੂਦੀ ਧਰਮ ਦੇ ਮੰਨਣ ਵਾਲੇ ਬਣ ਗਏ।

**ਆਇਤ 15.** ਬਾਦਸ਼ਾਹ ਦੇ ਨਾਂਅ ਤੇ ਆਦੇਸ਼ ਜਾਰੀ ਕੀਤੇ ਜਾਣ ਦੇ ਚਾਰ ਨਤੀਜੇ ਨਿੱਕਲੇ। ਪਹਿਲਾ, ਇਸ ਨਾਲ ਮਾਰਦਕਈ ਦਾ ਇਖ਼ਤਿਆਰ ਪੱਕਾ ਹੋ ਗਿਆ। ਇਸ ਕਾਰਜ ਤੋਂ ਬਾਅਦ (ਅਤੇ ਸ਼ਾਇਦ ਇਸ ਕਰਕੇ) **ਮਾਰਦਕਈ ਸ਼ਾਹੀ ਪੁਸ਼ਾਕ** ਪਹਿਨੇ ਅਤੇ **ਸੋਨੇ ਦਾ ਇਕ ਵੱਡਾ ਮੁਕਟ** ਪਾ ਕੇ ਲੋਕਾਂ ਦੇ ਸਾਹਮਣੇ ਆਇਆ। ਸਾਫ਼ ਹੈ ਕਿ ਪੁਸ਼ਾਕ ਅਤੇ ਮੁਕਟ ਇਸ ਗੱਲ ਦਾ ਪ੍ਰਤੀਕ ਨਹੀਂ ਸਨ ਕਿ ਉਹ ਬਾਦਸ਼ਾਹ ਹੈ ਬਲਕਿ ਇਸ ਗੱਲ ਦਾ ਪ੍ਰਤੀਕ ਸਨ ਕਿ ਇਖ਼ਤਿਆਰ ਵਿਚ ਬਾਦਸ਼ਾਹ ਤੋਂ ਬਾਅਦ ਉਹੀ ਹੈ। ਆਇਤ ਇਹ ਸਾਫ਼ ਕਰਦੀ ਹੈ ਕਿ ਪੁਸ਼ਾਕ ਵਿਚ **ਨੀਲੀ** [ਜਾਮਨੀ] **ਅਤੇ ਚਿੱਟੀ** ਅਤੇ ਮਾਰਦਕਈ ਨੇ **ਕਤਾਨੀ ਅਰ ਬੈਂਗਣੀ ਚੋਗਾ** ਪਾਇਆ ਹੋਇਆ ਸੀ। ਇਸ ਆਇਤ ਵਿਚ ਅਨੁਵਾਦ ਹੋਇਆ ਸ਼ਬਦ ''ਮੁਕਟ'' (*'atarah*, *ਅਤਾਰਾ*) ਉਸ ਸ਼ਬਦ ਨਾਲੋਂ ਫ਼ਰਕ ਹੈ ਜੋ 1:11; 2:17; 6:8 ਵਿਚ ਸ਼ਾਹੀ ਮੁਕਟ ਲਈ ਵਰਤਿਆ ਗਿਆ ਹੈ (*kether*, *ਕੇਥੇਰ*)।

ਦੂਜਾ, ਇਸ ਨਾਲ **ਸ਼ੂਸ਼ਨ** ਦੇ ਲੋਕਾਂ ਨੂੰ ਅਨੰਦ ਕਰਨ ਦਾ ਕਾਰਣ ਮਿਲਿਆ ਅਤੇ ਉਹ **ਅਨੰਦ ਅਤੇ ਪਰਸੰਨ** ਹੋਏ। ਇਸ ਹੁਕਮ ਦੇ ਪ੍ਰਕਾਸ਼ਿਤ ਹੋਣ ਤੇ ਉਨ੍ਹਾਂ ਦਾ ਅਨੰਦ ਪਹਿਲੇ ਹੁਕਮ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਉਨ੍ਹਾਂ ਦੀਆਂ ਸਹਿਮ ਭਰੀਆਂ ਭਾਵਨਾਵਾਂ ਨਾਲੋਂ ਬਿਲਕੁਲ ਉਲਟ ਸੀ, ਜਦ ''ਸ਼ੂਸ਼ਨ ਦਾ ਸ਼ਹਿਰ ਤਾਹਾਂ ਮਾਰ ਰਿਹਾ ਸੀ'' (3:15)। ਸ਼ੂਸ਼ਨ ਵਿਚ ਬਹੁਤ ਸਾਰੇ ਯਹੂਦੀ ਰਹਿੰਦੇ ਸਨ ਅਤੇ ਆਮ ਤੌਰ ਤੇ ਰਾਜਧਾਨੀ ਵਿਚ ਦੂਜੇ ਲੋਕ ਉਨ੍ਹਾਂ ਦੀ ਹਮਾਇਤ ਕਰਦੇ ਸਨ। (ਬੇਸ਼ੱਕ, ਸਾਰੇ ਲੋਕ ਉਨ੍ਹਾਂ ਦੀ ਹਮਾਇਤ ਨਹੀਂ ਕਰਦੇ ਸਨ; ਹੋਰ ਕਿਸੇ ਵੀ ਥਾਂ ਵਾਂਗ ਸ਼ੂਸ਼ਨ ਵਿਚ ਯਹੂਦੀਆਂ ਦੇ ਦੁਸ਼ਮਣ ਹੈ ਸਨ; ਵੇਖੋ 9:6, 15.) ਜਦ ਯਹੂਦੀ ਖਾਤਮੇ ਤੋਂ ਬਚ ਗਏ (ਸੰਭਵ ਤੌਰ ਤੇ), ਤਾਂ ਉਨ੍ਹਾਂ ਦੇ ਦੋਸਤਾਂ ਅਤੇ ਗੁਆਂਢੀਆਂ ਨੇ ਉਨ੍ਹਾਂ ਦੇ ਨਾਲ ਜਸ਼ਨ ਮਨਾਇਆ।

**ਆਇਤਾਂ 16, 17.** ਤੀਜਾ, ਹੁਕਮ ਨਾਲ ਅਨੰਦ ਕਰਨ ਦਾ ਦਿਨ ਆਇਆ: **ਯਹੂਦੀਆਂ ਨੂੰ ਰੌਸ਼ਨੀ, ਅਨੰਦ, ਸੁੱਖ ਅਤੇ ਪਤ ਪ੍ਰਾਪਤ ਹੋਈ।** ਪੂਰੀ ਸਲਤਨਤ ਵਿਚ, ਯਹੂਦੀਆਂ ਨੇ **ਦਾਉਤ ਅਤੇ ਸ਼ੁਭ ਦਿਨ** ਮਨਾ ਕੇ ਹੁਕਮ ਦੇ ਪ੍ਰਕਾਸ਼ਿਤ ਹੋਣ ਦਾ ਜਸ਼ਨ ਮਨਾਇਆ। ''ਸ਼ੁਭ ਦਿਨ'' (*yom tob*, *ਯੋਮ ਟੋਬ*) ਦਾ ਅਰਥ ''ਚੰਗਾ ਦਿਨ'' ਹੈ। ਇਨ੍ਹਾਂ ਜਸ਼ਨਾਂ ਵਿਚ ਪੂਰੀਮ ਦੇ ਪਰਬ ਦੀ ਉਮੀਦ ਸੀ, ਜੋ ਯਹੂਦੀਆਂ ਦੇ ਆਪਣੇ ਦੁਸ਼ਮਣਾਂ ਉੱਤੇ ਜਿੱਤ ਤੋਂ ਬਾਅਦ ਮਨਾਇਆ ਜਾਣਾ ਸੀ (9:16–32)।

ਕਿਸੇ ਸਨਕੀ ਨੂੰ ਹੈਰਾਨੀ ਹੋ ਸਕਦੀ ਹੈ ਕਿ ਯਹੂਦੀ ਲੋਕ ਅਗੇਤੇ ਜਸ਼ਨ ਕਿਉਂ ਮਨਾ ਰਹੇ ਸਨ। ਆਖ਼ਰ ਉਨ੍ਹਾਂ ਨੇ ਅਜੇ ਆਪਣੇ ਦੁਸ਼ਮਣਾਂ ਨੂੰ ਹਰਾਇਆ ਨਹੀਂ ਸੀ। ਆਪਣੀਆਂ ਵੱਧ ਤੋਂ ਵੱਧ ਕੋਸ਼ਿਸ਼ਾਂ ਦੇ ਬਾਵਜੂਦ, ਠਹਿਰਾਏ ਹੋਏ ਦਿਨ ਉਨ੍ਹਾਂ ਦਾ ਅਜੇ ਵੀ ਕਤਲ ਹੋ ਸਕਦਾ ਸੀ। ਇਹ ਸੰਭਾਵਨਾ ਜਸ਼ਨ ਮਨਾਉਣ ਵਾਲਿਆਂ ਨੂੰ ਪਰੇਸ਼ਾਨ ਕਰਦੀ ਨਹੀਂ ਲਗਦੀ। ਆਪਣਾ ਬਚਾਅ ਕਰਨ ਦਾ ਹੱਕ ਮਿਲ ਜਾਣ ਨਾਲ ਉਨ੍ਹਾਂ ਨੂੰ ਉਮੀਦ ਮਿਲ ਗਈ ਸੀ ਅਤੇ ਸ਼ਾਇਦ ਖ਼ੁਦਾ ਵਿਚ ਵਿਸ਼ਵਾਸ ਨੇ ਅਖ਼ੀਰ ਵਿਚ ਉਨ੍ਹਾਂ ਦੀ ਜਿੱਤ ਨੂੰ ਪੱਕਾ ਬਣਾ ਦਿੱਤਾ।

ਚੌਥਾ, ਯਹੂਦੀਆਂ ਦੀ ਮੁਸ਼ਕਿਲ ਦੇ ਹੱਲ ਨਾਲ ਬਹੁਤ ਸਾਰੇ ਗੈਰਕੌਮ ਲੋਕ ਯਹੂਦੀ ਬਣ ਗਏ। ਹਾਮਾਨ ਦੀ ਹਾਰ ਦੇ ਤਰੀਕੇ ਅਤੇ ਯਹੂਦੀਆਂ ਦੇ ਬਚਾਏ ਜਾਣ ਕਰਕੇ ਸ਼ੁਕਰਗੁਜ਼ਾਰ ਨਹੀਂ ਸਨ, ਬਲਕਿ ਉਨ੍ਹਾਂ ਦੇ ਆਲੇ ਦੁਆਲੇ ਰਹਿਣ ਵਾਲੇ ਗੈਰਕੌਮ ਵੀ ਪ੍ਰਭਾਵਿਤ ਹੋ ਗਏ ਸਨ। ਅਸਲ ਵਿਚ ਜਿਵੇਂ ਕਿ

ਬਹੁਤ ਸਾਰੇ ਲੋਕਾਂ ਨੇ ਹਾਲਾਤ ਨੂੰ ਵੇਖਿਆ ਹੋਵੇਗਾ, ਯਹੂਦੀਆਂ ਦੇ ਖ਼ੁਦਾ ਨੇ ਉਨ੍ਹਾਂ ਦੀ ਰੱਖਿਆ ਐਨੀ ਜ਼ਬਰਦਸਤ ਕੀਤੀ ਸੀ ਕਿ ਉਹ ਵੀ **ਯਹੂਦੀ ਬਣ ਬੈਠੇ!** ਉਨ੍ਹਾਂ ਦੇ ਯਹੂਦੀ ਬਣ ਜਾਣ ਦਾ ਦੱਸਿਆ ਗਿਆ ਕਾਰਣ ਇਹ ਸੀ ਕਿ **ਯਹੂਦੀਆਂ ਦਾ ਭੈ ਉਨ੍ਹਾਂ ਉੱਤੇ ਛਾ ਗਿਆ**। ਉਨ੍ਹਾਂ ਨੂੰ ਯਹੂਦੀਆਂ ਅਤੇ ਉਨ੍ਹਾਂ ਦੀ ਖ਼ੁਦਾ ਦੇ ਇੱਜ਼ਤ ਕਰਨੀ ਆ ਗਈ ਸੀ; ਅਸਲ ਵਿਚ ਇਨ੍ਹਾਂ ਘਟਨਾਵਾਂ ਨਾਲ ਉਨ੍ਹਾਂ ਨੂੰ ਉਸ ਖ਼ੁਦਾ ਦੀ ਤਾਕਤ ਦਾ ਪਤਾ ਲਗ ਗਿਆ ਸੀ ਜਿਸ ਦੀ ਬੰਦਗੀ ਯਹੂਦੀ ਕਰਦੇ ਸਨ। ਅਗਲੀ ਲੜਾਈ ਵਿਚ ਉਹ ਯਹੂਦੀਆਂ ਦੇ (ਜਾਂ ਖ਼ੁਦਾ ਦੇ) ਦੁਸ਼ਮਣਾਂ ਵਿਚ ਨਹੀਂ ਗਿਣੇ ਜਾਣਾ ਚਾਹੁੰਦੇ ਸਨ! ਇਸ ਕਰਕੇ ਉਨ੍ਹਾਂ ਨੇ ਯਹੂਦੀ ਧਰਮ ਨੂੰ ਅਪਣਾ ਲਿਆ।

ਭਲਾ ਉਨ੍ਹਾਂ ਦਾ ਯਹੂਦੀ ਬਣਨਾ ਅਸਲੀ ਸੀ? ''ਯਹੂਦੀ ਬਣ ਬੈਠੇ'' ਲਈ ਇਬਰਾਨੀ ਸ਼ਬਦ (*yahad*, *ਯਾਹਾਦ*) ਪੁਰਾਣੇ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ, ਇਸ ਕਰਕੇ ਇਸ ਦੀ ਸੰਖੇਪ ਪਰਿਭਾਸ਼ਾ ਦਾ ਪੱਕਾ ਪਤਾ ਨਹੀਂ ਹੈ। ਕਈਆਂ ਦਾ ਮੰਨਣਾ ਹੈ ਕਿ ਗੈਰਕੌਮਾਂ ਨੇ ਸਿਰਫ਼ ਯਹੂਦੀ ਬਣਨ ਦਾ ਵਿਖਾਵਾ ਕੀਤਾ। ਹੋਰਨਾਂ ਦਾ ਵਿਚਾਰ ਹੈ ਕਿ ਉਹ ਅਸਲ ਵਿਚ ਬਿਨਾਂ ਬਦਲੇ ਯਹੂਦੀਆਂ ਨਾਲ ਰਲ ਗਏ ਸਨ।[7] ਹੋਰ ਵੀ ਹਨ ਜਿਨ੍ਹਾਂ ਨੂੰ ਲਗਦਾ ਹੈ ਕਿ ਪਾਠ ਇਹ ਦੱਸਦਾ ਹੈ ਕਿ ਬਹੁਤ ਸਾਰੇ ਗੈਰਕੌਮ ਸਚਮੁਚ ਬਦਲ ਗਏ ਸਨ।[8] ਪਾਠ ਵਿਚ ਦੱਸਿਆ ਗਿਆ ਉਨ੍ਹਾਂ ਦਾ ਇਰਾਦਾ (''ਯਹੂਦੀਆਂ ਦਾ ਭੈਅ'') ਇਹ ਮੰਨ ਕੇ ਕਿ ਇਸ ''ਭੈਅ'' ਵਿਚ ''ਖ਼ੁਦਾ ਦ ਖ਼ੌਫ਼'' ਸ਼ਾਮਿਲ ਸੀ, ਯਹੋਵਾਹ ਦੇ ਮਗਰ ਚੱਲਣ ਵਾਲੇ ਬਣਨ ਲਈ ਸਹੀ ਹੋਵੇਗਾ (ਵੇਖੋ ਉਪਦੇਸ਼ਕ 12:13)।

ਭਲਾ ਇਹ ਮੰਨਣਾ ਤਰਕਸੰਗਤ ਹੈ ਕਿ ਬਹੁਤ ਸਾਰੇ ਗੈਰਕੌਮ ਲੋਕ ਇਸ ਸਮੇਂ ਯਹੂਦੀ ਬਣ ਗਏ ਸਨ? ਭਾਵੇਂ ਕੁਝ ਲੋਕ ਇਸ ਆਇਤ ਨੂੰ ਯਹੂਦੀਆਂ ਦੀ ਮਨਬਦਲੀ ਦੇ ਰੂਪ ਵਿਚ ਦੱਸੇ ਜਾਣ ਉੱਤੇ ਸਵਾਲ ਉਠਾਉਂਦੇ ਹਨ, ਪਰ ਇਸ ਗੱਲ ਦਾ ਕਾਫ਼ੀ ਸਬੂਤ ਹੈ (ਬਾਈਬਲ ਵਿੱਚੋਂ ਅਤੇ ਹੋਰਨਾਂ ਵਸੀਲਿਆਂ ਤੋਂ) ਕਿ ਪੁਰਾਣੇ ਨੇਮ ਦੇ ਯੁੱਗ ਦੇ ਦੌਰਾਨ ਅਤੇ ਦੋਹਾਂ ਨੇਮਾਂ ਦੇ ਵਿਚਕਾਰ ਦੇ ਕਾਲ ਦੌਰਾਨ ਬਹੁਤ ਸਾਰੇ ਗੈਰਕੌਮ ਲੋਕ ਯਹੂਦੀ ਬਣੇ ਹਨ।[9]

ਪਾਠ ਇਕ ਚੰਗੀ ਗੱਲ ਨਾਲ ਖ਼ਤਮ ਹੁੰਦਾ ਹੈ। ਪਰ ਯਹੂਦੀਆਂ ਦੇ ਦੁਸ਼ਮਣਾਂ ਦੀ ਅਸਲ ਹਾਰ ਅਜੇ ਭਵਿੱਖ ਵਿਚ ਹੋਣ ਵਾਲੀ ਸੀ।

## ਪ੍ਰਾਸੰਗਿਕਤਾ

**ਸਦਾ ਲਈ ਚਾਰ ਪਾਤਰ** (ਅਧਿਆਇ 8)

ਬਾਈਬਲ ਦਾ ਅਧਿਐਨ ਕਰਨ ਦਾ ਇਕ ਤਰੀਕਾ ਉਨ੍ਹਾਂ ਪਾਤਰਾਂ ਉੱਤੇ ਵਿਚਾਰ ਕਰਨਾ ਹੈ ਜਿਨ੍ਹਾਂ ਬਾਰੇ ਅਸੀਂ ਜਿਨ੍ਹਾਂ ਵਿਰਤਾਂਤਾਂ ਵਿਚ ਪੜ੍ਹਦੇ ਹਾਂ। ਭਾਵੇਂ ਜ਼ਰੂਰੀ ਨਹੀਂ ਹੈ ਕਿ ਅਸੀਂ ਬਾਈਬਲ ਦੇ ਪਾਤਰ ਦੇ ਕਿਸੇ ਕੰਮ ਤੋਂ ਹਰ ਗੱਲ ਸਾਬਤ ਕਰ ਸਕੀਏ, ਪਰ ਬਾਈਬਲ ਦੇ ਪਾਤਰਾਂ ਦੇ ਰਵੱਈਏ ਅਤੇ ਕਾਰਵਾਹੀਆਂ ਤੋਂ ਆਮ ਤੌਰ ਤੇ ਉਨ੍ਹਾਂ ਗੁਣਾਂ ਦਾ ਪਤਾ ਲਗਦਾ ਹੈ ਜਿਨ੍ਹਾਂ ਦੀ ਨਵੇਂ ਨੇਮ ਵਿਚ ਲੋੜ ਜਾਂ ਮਨਾਹੀ ਦੱਸੀ ਜਾਂਦੀ ਹੈ। ਇਬਰਾਨੀਆਂ 11 ਵਿਚ ਨਿਹਚਾ ਦੇ ਅਰਥ ਨੂੰ ਸਮਝਾਉਣ ਲਈ ਬਾਈਬਲ ਦੇ ਪਾਤਰਾਂ ਦਾ ਜ਼ਿਕਰ ਹੈ; ਇਲਹਾਮ ਪ੍ਰਾਪਤ ਉਸ ਲੇਖਕ ਵੱਲੋਂ ਵਰਤਿਆ ਗਿਆ ਢੰਗ ਸਾਡੀ ਬਾਈਬਲ ਦੀਆਂ ਵਾਧੂ ਸਚਿਆਈਆਂ ਨੂੰ ਸਮਝਾਉਣ ਬਾਈਬਲ ਦੇ ਹੋਰ ਪਾਤਰਾਂ ਪ੍ਰਤੀ ਸੋਚ ਨੂੰ ਸਹੀ ਠਹਿਰਾ ਸਕਦਾ ਹੈ।

ਅਸਤਰ ਦੀ ਕਿਤਾਬ ਚਾਰ ਯਾਦਗਾਰੀ ਪਾਤਰਾਂ ਨੂੰ ਵਿਖਾਉਂਦੀ ਹੈ। ਉਨ੍ਹਾਂ ਵਿਚਲੇ ਲੋਕ ਉਨ੍ਹਾਂ ਵਰਗੇ ਹੋ ਸਕਦੇ ਹਨ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ। ਅਸਲ ਵਿਚ ਅਸੀਂ ਉਨ੍ਹਾਂ ਵਿੱਚੋਂ ਕੁਝ ਵਿਚ ਆਪਣੇ ਆਪ ਨੂੰ ਵੇਖ ਸਕਦੇ ਹਾਂ। ਜੋ ਵੀ ਹੋਵੇ, ਅਸੀਂ ਚਾਰਾਂ ਤੋਂ ਸਬਕ ਸਿੱਖ ਸਕਦੇ ਹਾਂ।

*ਹਾਮਾਨ: ਗੁੱਝਾ ਖ਼ਲਨਾਇਕ।* ਸਾਡੇ ਮਨੁੱਖੀ ਨਜ਼ਰੀਏ ਤੋਂ, ਜ਼ਿਆਦਾਤਰ ਲੋਕਾਂ ਨੂੰ ਕੁਝ ਕੁਝ ਚੰਗੇ ਅਤੇ ਕੁਝ ਕੁਝ ਮਾੜੇ ਕਿਹਾ ਜਾ ਸਕਦਾ ਹੈ। ਪਰ ਅਸਤਰ ਦੀ ਕਿਤਾਬ ਵਿਚ ਹਾਮਾਨ ਇਕ ਪੱਕਾ ਖ਼ਲਨਾਇਕ ਹੈ। ਅਸਤਰ ਦੇ ਸ਼ਬਦਾਂ ਵਿਚ 7:6 ਵਿਚ ਉਹਦਾ ਸਭ ਤੋਂ ਵਧੀਆ ਵਰਣਨ ਕੀਤਾ ਗਿਆ ਹੈ: ''ਉਹ ਵਿਰੋਧੀ ਅਤੇ ਵੈਰੀ ਇਹ ਦੁਸ਼ਟ ਹਾਮਾਨ ਹੈ!'' ਹਾਮਾਨ ਕਹਾਣੀ ਵਿਚ ਜਿੱਥੇ ਵੀ ਆਉਂਦਾ ਹੈ ਉਹ ਉੱਥੇ ਹੀ ਨਕਾਰਾਤਮਕ ਪ੍ਰਤੀਕਿਰਿਆਵਾਂ ਜਗਾ ਦਿੰਦਾ ਹੈ। ਅਖ਼ੀਰ ਵਿਚ ਜਦ ਉਹ ਬੇਇੱਜ਼ਤ ਹੁੰਦਾ ਹੈ, ਉਸ ਉੱਤੇ ਇਲਜ਼ਾਮ ਲਗਦਾ ਹੈ, ਅਤੇ ਉਸ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਅਤੇ ਉਸ ਨੂੰ ਫਾਂਸੀ ਦਿੰਦੀ ਜਾਂਦੀ ਹੈ ਤਾਂ ਪਾਠਕ ਉਸ ਦੇ ਪਤਨ ਉੱਤੇ ਖੁਸ਼ ਹੁੰਦਾ ਹੋਇਆ ਲਗਦਾ ਹੈ।

ਭਲਾ ਅਸੀਂ ਅਜਿਹੇ ਪਾਤਰ ਤੋਂ ਕੁਝ ਸਿੱਖ ਸਕਦੇ ਹਾਂ? ਹਾਂ, ਜਦ ਅਸੀਂ ਹਾਮਾਨ ਦੀ ਜ਼ਿੰਦਗੀ ਅਤੇ ਮੌਤ ਤੇ ਵਿਚਾਰ ਕਰਦੇ ਹਾਂ ਤਾਂ ਬਾਈਬਲ ਦੀਆਂ ਬਹੁਤ ਸਾਰੀਆਂ ਸਚਿਆਈਆਂ ਧਿਆਨ ਵਿਚ ਆਉਣੀਆਂ ਚਾਹੀਦੀਆਂ ਹਨ। (1) ਸੰਸਾਰ ਵਿਚ ਬੁਰੇ ਲੋਕ ਹਨ ਜਿਹੜੇ ਵਾਹ ਲਗਦਿਆਂ ਖ਼ੁਦਾ ਦੇ ਲੋਕਾਂ ਨੂੰ ਨਾਸ ਕਰ ਦੇਣ। (2) ਕਈ ਵਾਰ ਬੁਰੇ ਲੋਕ ਬਹੁਤ ਚਲਾਕ ਹੋ ਸਕਦੇ ਹਨ। ਸਮਝ ਸਿਰਫ਼ ਧਰਮੀ ਲੋਕਾਂ ਨੂੰ ਹੀ ਨਹੀਂ ਹੈ। ਹਾਮਾਨ ਦੀ ਚਲਾਕੀ ਨਾਲ ਖ਼ੁਦਾ ਦੇ ਲੋਕਾਂ ਦੀ ਬਰਬਾਦੀ ਹੋਣ ਹੀ ਵਾਲੀ ਸੀ। ਸਾਨੂੰ ਮਸੀਹੀ ਲੋਕਾਂ ਨੂੰ ਫਸਾਉਣ ਦੀਆਂ ਚਲਾਕੀ ਭਰੀਆਂ ਫਾਹੀਆਂ ਨੂੰ ਵਰਤਣ ਦੀ ਸ਼ਤਾਨ ਦੀ ਯੋਗਤਾ ਤੋਂ ਖ਼ਬਰਦਾਰ ਹੋਣਾ ਜ਼ਰੂਰੀ ਹੈ। ਅਫ਼ਸੀਆਂ 6:11 ਵਿਚ ਪੌਲੁਸ ਨੇ ''ਸ਼ਤਾਨ ਦੇ ਛੱਲ ਛਿੱਦਰਾਂ ਨੂੰ ਹੀ'' (KJV) ਜਾਂ ''ਸ਼ਤਾਨ ਦੀਆਂ ਸਕੀਮਾਂ'' (NASB) ਤੋਂ ਖ਼ਬਰਦਾਰ ਰਹਿਣ ਲਈ ਆਖਿਆ। (3) ਦੁਸ਼ਟ ਭਾਵੇਂ ਥੋੜ੍ਹੀ ਦੇਰ ਲਈ ਫਲ–ਫੁਲ ਸਕਦੇ ਹਨ, ਪਰ ਅਖ਼ੀਰ ਵਿਚ ਉਨ੍ਹਾਂ ਦਾ ''ਪਾਪ *[ਉਨ੍ਹਾਂ]* ਉੱਤੇ ਆ ਪਵੇਗਾ'' (ਗਿਣਤੀ 32:23)। ਪਾਪ ਦੇ ਨਤੀਜੇ ਇਸ ਜ਼ਿੰਦਗੀ ਵਿਚ ਅਤੇ ਅੱਗੇ ਵੀ ਮਿਲਦੇ ਹਨ। ਹਾਮਾਨ ਨੇ ਇਸ ਹਕੀਕਤ ਨੂੰ ਪਛਾਣ ਲਿਆ, ਅਤੇ ਸਾਨੂੰ ਵੀ ਉਸ ਤੋਂ ਇਹ ਸਿੱਖਿਆ ਲੈ ਲੈਣੀ ਚਾਹੀਦੀ ਹੈ ਤਾਂ ਜੋ ਸਾਨੂੰ ਉਹਦੇ ਵਾਂਗ ਇਸ ਨੂੰ ਝੱਲ ਕੇ ਨਾ ਸਿੱਖਣਾ ਪਵੇ। (4) ਜਿਵੇਂ ਕਿ ਬੁੱਧਵਾਨ ਨੇ ਕਿਹਾ ਹੈ, ''ਨਾਸ ਤੋਂ ਪਹਿਲਾਂ ਹੰਕਾਰ'' ਹੁੰਦਾ ਹੈ (ਕਹਾਉਤਾਂ 16:18)। ਹਾਮਾਨ ਦਾ ਪਾਪ ਘਮੰਡ ਸੀ ਅਤੇ ਅਖ਼ੀਰ ਵਿਚ ਉਹੀ ਉਸ ਦੇ ਪਤਨ ਦਾ ਕਾਰਣ ਬਣਿਆ। ਬਹੁਤੇ ਘਮੰਡੀ ਹੋਣ ਤੋਂ ਬਚੋ (ਵੇਖੋ ਯਾਕੂਬ 4:6, 10; 1 ਪਤਰਸ 5:6)।

*ਅਹਸ਼ਵੇਰੋਸ਼: ਇਕ ਨਾਲਾਇਕ ਰਾਜਾ।* ਅਹਸ਼ਵੇਰੋਸ਼ ਬਾਦਸ਼ਾਹ ਇਕ ਅਜੀਬ ਪਾਤਰ ਹੈ। ਉਹ ਫ਼ਾਰਸੀ ਹਕੂਮਤ ਦਾ ਬਾਦਸ਼ਾਹ ਸੀ, ਇਸ ਕਰਕੇ ਅਸੀਂ ਜਾਣਦੇ ਹਾਂ ਕਿ ਉਹ ਸ਼ਕਤੀਸ਼ਾਲੀ ਸੀ। ਪਰ ਅਸਤਰ ਦੀ ਕਿਤਾਬ ਉਸ ਨੂੰ ਬੁਨਿਆਦੀ ਤੌਰ ਤੇ, ਡਾਵਾਂਡੋਲ, ਭਾਵ ਨਾਲਾਇਕ ਵਿਅਕਤੀ ਦੇ ਰੂਪ ਵਿਚ ਵਿਖਾਉਂਦੀ ਹੈ।

ਸਭ ਤੋਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਉਹਨੇ ਤਕਰੀਬਨ ਕਿਤੇ ਵੀ ਆਪ ਫ਼ੈਸਲਾ ਨਹੀਂ ਲਿਆ। ਆਪਣੀ ਪਤਨੀ ਵਸ਼ਤੀ ਤੋਂ ਪਰੇਸ਼ਾਨ ਹੋਣ ਤੋਂ ਬਾਅਦ, ਉਸ ਨੇ ਦੂਜਿਆਂ ਤੋਂ ਸਲਾਹ ਲਈ ਕਿ ਉਹਦੇ ਨਾਲ ਕੀ ਕੀਤਾ ਜਾਵੇ। ਉਹਦੇ ਉੱਤੇ ਆਪਣਾ ਗੁੱਸਾ ਘਟ ਜਾਣ ਤੋਂ ਬਾਅਦ, ਉਹਨੂੰ ਦੱਸਿਆ ਗਿਆ ਕਿ ਇਕ ਹੋਰ ਪਤਨੀ ਲੱਭਣ ਲਈ ਕੀ ਕਰੇ। ਉਹ ਮਾਰਦਕਈ ਦੇ ਉਸ ਦੇ ਜਾਨ ਬਚਾਉਣ ਦੀ ਗੱਲ ਨੂੰ ਪਹਿਲਾਂ ਤੋਂ ਜਾਣਦਾ ਸੀ ਪਰ ਜ਼ਾਹਿਰ ਤੌਰ ਤੇ ਉਹਨੇ ਇਸ ਨੂੰ ਅਣਗੌਲਿਆਂ ਕਰ ਦਿੱਤਾ ਸੀ। ਸ਼ਾਇਦ ਆਪਣੇ ਲਾਲਚ ਕਰਕੇ, ਕਿਉਂ ਜੋ ਹਾਮਾਨ ਵੱਲੋਂ ਉਸ ਨੂੰ ਯਹੂਦੀਆਂ ਦਾ ਨਾਸ ਕਰਨ ਲਈ ਰਾਜ਼ੀ ਹੋਣ ਲਈ ਅਸਾਨੀ ਨਾਲ ਮਨਾ ਲਿਆ ਗਿਆ। ਜਿੱਥੋਂ ਤਕ ਲਿਖਤ ਦੱਸਦੀ ਹੈ, ਉਹਨੂੰ ਉਨ੍ਹਾਂ ''ਲੋਕਾਂ'' ਦੀ ਪਛਾਣ ਪੁੱਛਣ ਦੀ ਐਨੀ ਕਾਹਲੀ ਨਹੀਂ ਸੀ ਜਿਹੜੇ ਐਨੇ ਬਾਗ਼ੀ ਸਨ ਕਿ ਉਹ ਉਨ੍ਹਾਂ ਨੂੰ ਨਾਸ ਕਰ ਦੇਣਾ ਚਾਹੁੰਦੇ ਸਨ। ਉਸ ਨੇ ਅਸਤਰ ਦੇ ਇਸ ਵਿਚਾਰ ਨੂੰ ਮੰਨ ਲਿਆ ਕਿ ਹਾਮਾਨ ਯਹੂਦੀਆਂ ਦੇ ਖ਼ਾਤਮੇ ਦੀ ਸਾਜ਼ਸ਼ ਕਰਨ ਵਾਲਾ ਦੁਸ਼ਟ ਸੀ, ਪਰ ਉਹਨੂੰ ਇਹ ਸਮਝ ਨਹੀਂ ਆਈ ਕਿ ਉਹ ਵੀ ਬਰਾਬਰ ਦਾ ਦੋਸ਼ੀ ਸੀ। ਜਦ ਉਹਨੂੰ ਇਹ ਯਕੀਨ ਹੋ ਗਿਆ ਕਿ ਹਾਮਾਨ

ਦੁਸ਼ਟ ਸੀ, ਤਾਂ ਉਸ ਨੇ ਆਪ ਇਹ ਫ਼ੈਸਲਾ ਲਿਆ ਕਿ ਹਾਮਾਨ ਨੂੰ ਮਾਰ ਦਿੱਤਾ ਜਾਵੇ; ਪਰ ਉਸਨੇ ਕਿਸੇ ਨੌਕਰ ਦੇ ਸੁਝਾਅ ਤੇ ਉਹਨੂੰ ਫਾਂਸੀ ਦੇਣ ਦਾ ਇਰਾਦਾ ਕੀਤਾ। ਅਖ਼ੀਰ ਵਿਚ, ਭਾਵੇਂ ਉਹਨੇ ਪਾਸੇ ਪਰਤੇ, ਪਰ ਯਹੂਦੀਆਂ ਦੇ ਬਚਾਉਣ ਦੀ ਗੱਲ ਉਸਨੇ ਮਾਰਦਕਈ ਉੱਤੇ ਛੱਡ ਦਿੱਤੀ। ਜਿਵੇਂ ਪਹਿਲਾਂ ਉਸਨੇ ਹਾਮਾਨ ਨਾਲ ਕੀਤਾ ਸੀ (ਯਹੂਦੀਆਂ ਨੂੰ ਮੁਸ਼ਕਿਲ ਪਾ ਕੇ) ਉਵੇਂ ਹੀ ਉਸ ਨੇ ਕਿਸੇ ਹੋਰ ਨੂੰ ਆਪਣੇ ਨਾਂਅ ਤੇ ਹੁਕਮ ਜਾਰੀ ਕਰ ਦਿੱਤਾ।

ਅਸ਼ਵੇਰੋਸ਼ ਨਾ ਸਿਰਫ਼ ਅਸਾਨੀ ਨਾਲ ਪ੍ਰਭਾਵਿਤ ਹੋ ਜਾਣਾ ਸੀ ਬਲਕਿ ਉਹ ਛੇਤੀ ਨਾਲ ਬਦਲ ਵੀ ਜਾਂਦਾ ਸੀ। ਉਹ ਵਸ਼ਤੀ ਉੱਤੇ ਮਾਣ ਕਰਨ ਤੋਂ ਉਸ ਨੂੰ ਗੱਦੀਉਂ ਲਾਹੁਣ ਤਕ ਚਲਿਆ ਗਿਆ। ਉਹ ਅਸਤਰ ਨੂੰ ਆਪਣੀ ਪਤਨੀ ਬਣਾਉਣਾ ਚੁਣਨ ਤੋਂ ਇਕ ਮਹੀਨਾ ਜਾਂ ਇਸ ਨਾਲੋਂ ਵੱਧ ਉਸ ਨੂੰ ਨਜ਼ਰਅੰਦਾਜ਼ ਕਰਕੇ ਅਤੇ ਉਸ ਨੂੰ ਫੇਰ ਪਿਆਰ ਕਰਨ ਤਕ ਡਾਵਾਂਡੋਲ ਰਿਹਾ। ਉਹ ਹਾਮਾਨ ਨੂੰ ਤਰੱਕੀ ਦੇਣ ਤੋਂ ਉਹਨੂੰ ਫਾਂਸੀ ਦੇਣ ਅਤੇ ਯਹੂਦੀਆਂ ਦੀ ਮੌਤ ਦਾ ਹੁਕਮ ਜਾਰੀ ਕਰਨ ਤੋਂ ਉਨ੍ਹਾਂ ਨੂੰ ਆਪਣੇ ਆਪ ਨੂੰ ਬਚਾਉਣ ਦਾ ਮੌਕਾ ਦੇਣ ਤਕ ਆਪਣਾ ਮਨ ਅਸਾਨੀ ਨਾਲ ਬਦਲਣ ਤਕ ਗਿਆ।

ਬਾਦਸ਼ਾਹ ਦੇ ਨਰਮ ਸੁਭਾਅ ਦੀ ਚੰਗੀ ਗੱਲ ਇਹ ਹੈ ਕਿ ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਉਹ ਜੋ ਸਹੀ ਸੀ ਉਹੀ ਕਰਨ ਲਈ ਅਸਤਰ ਕੋਲੋਂ ਪ੍ਰਭਾਵਿਤ ਹੋ ਸਕਦਾ ਸੀ ਅਤੇ ਹੋਇਆ (ਘੱਟੋ–ਘੱਟ ਉਸ ਹਾਲਾਤ ਵਿਚ ਜੋ ਸਭ ਤੋਂ ਵਧੀਆ ਸੀ)। ਅਖ਼ੀਰ ਵਿਚ ਉਸ ਨੇ ਮਾਰਦਕਈ ਯਹੂਦੀ ਦੀ ਲਿਆਕਤ ਅਤੇ ਵਫ਼ਾਦਾਰੀ ਨੂੰ ਮੰਨਿਆ ਅਤੇ ਉਹਨੂੰ ਸ਼ਕਤੀ ਅਤੇ ਜ਼ਿੰਮੇਵਾਰੀ ਦੇ ਅਹੁਦੇ ਤੇ ਲਾਇਆਂਆ।

ਜੇ ਹਾਮਾਨ ਅਖ਼ੀਰ ਵਿਚ ਖਲਨਾਇਕ ਦੇ ਰੂਪ ਵਿਚ ਸਾਨੂੰ ਪ੍ਰਭਾਵਿਤ ਕਰਦਾ ਹੈ ਤਾਂ ਅਹਸ਼ਵੇਰੋਸ਼ ਕੁਝ ਕੁਝ ਹਾਸੇ ਭਰੀ ਰਾਹਤ ਦਿੰਦਾ ਹੈ। ਉਹ ਐਨਾ ਬੇਵਕੂਫ਼ ਲਗਦਾ ਹੈ ਕਿ ਆਪਣੇ ਆਲੇ ਦੁਆਲੇ ਵਾਪਰਣ ਵਾਲੀਆਂ ਗੱਲਾਂ ਨੂੰ ਵੇਖਣ ਵਿਚ ਉਸ ਦੀ ਅਯੋਗਤਾ ਤੇ ਸਾਡਾ ਹਾਸਾ ਨਿੱਕਲ ਜਾਂਦਾ ਹੈ।

ਬਾਦਸ਼ਾਹ ਦੇ ਪਾਤਰ ਤੋਂ ਅਸੀਂ ਹੋਰ ਕੀ ਸਿੱਖ ਸਕਦੇ ਹਾਂ? ਯਕੀਨਨ ਸਾਨੂੰ ਇਹ ਨਿਚੋੜ ਨਹੀਂ ਕੱਢਣਾ ਚਾਹੀਦਾ ਕਿ ਬੇਅਸੂਲੇ ਜਾਂ ਨਾਲਾਇਕ ਲੋਕਾਂ ਨਾਲ ਚਲਾਕੀ ਜਾਂ ਉਨ੍ਹਾਂ ਦਾ ਫ਼ਾਇਦਾ ਲਏ ਜਾਣ ਨੂੰ ਸਵੀਕਾਰਿਆ ਜਾਵੇ। ਸਾਨੂੰ ਦੂਜਿਆਂ ਨਾਲ ਈਮਾਨਦਾਰ ਹੋਣਾ ਜ਼ਰੂਰੀ ਹੈ। ਜੇ ਅਸੀਂ ਕਿਸੇ ਤੋਂ ਜਿਹੜਾ ਨਾਲਾਇਕ ਸੀ ਬੇਵਜ੍ਹਾ ਫ਼ਾਇਦਾ ਚੁੱਕ ਸਕਦੇ ਹਨ ਤਾਂ ਸਾਨੂੰ ਅਜਿਹਾ ਕਰਨ ਤੋਂ ਬਾਜ਼ ਆਉਣਾ ਚਾਹੀਦਾ ਹੈ। ਜਦ ਅਸੀਂ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ, ਭਾਵੇਂ ਉਹ ਚੰਗੇ ਕੰਮ ਲਈ ਹੋਵੇ, ਤਾਂ ਸਾਨੂੰ ਮਨਾਉਣ ਦੇ ਸਿਰਫ਼ ਜਾਇਜ਼ ਤਰੀਕੇ ਹੀ ਵਰਤਣੇ ਚਾਹੀਦੇ ਹਨ।

ਇਸ ਨਾਲੋਂ ਵੀ ਵਧ ਕੇ, ਅਹਸ਼ਵੇਰੋਸ਼ ਤੋਂ ਸ਼ਾਇਦ ਸਾਨੂੰ ਨਾਲਾਇਕ ਹੋਣ ਜਾਂ ਦੂਜਿਆਂ ਤੋਂ ਅਸਾਨੀ ਨਾਲ ਪ੍ਰਭਾਵਿਤ ਹੋਣ ਤੋਂ ਬਚਣ ਦੀ ਚਿਤਾਵਨੀ ਮਿਲਣੀ ਚਾਹੀਦੀ ਹੈ। ‘‘ਲਿਆਕਤ’’ ‘‘ਸਮਝ’’ ਲਈ ਇਕ ਹੋਰ ਸ਼ਬਦ ਹੈ; ਇਸ ਕਰਕੇ ਸਾਨੂੰ ਸਾਰਿਆਂ ਨੂੰ ਸਮਝਦਾਰ ਹੋਣਾ ਦਿਸਣ ਦੀ ਲੋੜ ਹੈ। ਨਾਲੇ ਭਾਵੇਂ ਬਦਲਣ ਦੀ ਲੋੜ ਹੋਣ ਤੇ ਬਦਲਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ, ਪਰ ਸਾਨੂੰ ਬਹੁਤੇ ਚੰਚਲ ਹੋਣ ਤੋਂ ਬਚਣਾ ਚਾਹੀਦਾ ਹੈ। ਅਸੀਂ ਆਪਣੇ ਆਪ ਨੂੰ ਕਿਸੇ ਨਵੀਂ ਗੱਲ ਨੂੰ ਕਬੂਲ ਕਰ ਲੈਣ ਜਾਂ ਸਿਰਫ਼ ਇਸ ਕਰਕੇ ਸਿਖਾਉਣ ਦੀ ਇਜਾਜ਼ਤ ਨਹੀਂ ਦੇ ਸਕਦੇ ਕਿ ਉਹ ਨਵੀਂ ਅਤੇ ਫ਼ਰਕ ਹੈ।

*ਮਾਰਦਕਈ: ਇਕ ਭਰੋਸੇਯੋਗ ਸ਼ਹਿਰੀ।* ਮਾਰਦਕਈ ਕਿਤਾਬ ਦੇ ਦੋ ਨਾਇਕਾਂ ਵਿੱਚੋਂ ਇਕ ਹੈ। ਉਹ ਜ਼ਿਆਦਾਤਰ ਸਹਾਇਕ ਦੀ ਭੂਮਿਕਾ ਨਿਭਾਉਂਦਾ ਹੈ, ਪਰ ਕਿਤਾਬ ਦੀ ਬੁਨਿਆਦੀ ਕਹਾਣੀ ਮਾਰਦਕਈ ਦੀਆਂ ਕਾਰਵਾਹੀਆਂ ਦੇ ਆਲੇ ਦੁਆਲੇ ਮਿਲਦੀ ਹੈ। ਸਾਫ਼ ਹੈ ਕਿ ਉਹ ਸ਼ੁਰੂ ਤੋਂ ਹੀ ਰੱਜਿਆ – ਪੁੱਜਿਆ, ਸਨਮਾਨਤ ਅਤੇ ਯਹੂਦੀਆਂ ਵਿਚਕਾਰ ਖੁਸ਼ਹਾਲ ਆਦਮੀ ਸੀ। ਅਸਤਰ ਦੀ ਸ਼ਮੂਲੀਅਤ ਦੀ ਕਹਾਣੀ ਸ਼ੁਰੂ ਹੋਣ ਤੇ, ਉਹਨੂੰ ਉਸਦਾ ਭਰਾ ਅਤੇ ਸਰਪ੍ਰਸਤ ਦੱਸਿਆ ਜਾਂਦਾ ਹੈ। ਜਦ ਉਹਨੂੰ ਰਾਣੀ ਚੁਣਿਆ ਜਾਂਦਾ ਹੈ, ਤਾਂ ਉਹ ਉਸ ਨੂੰ ਆਪਣੇ ਯਹੂਦੀ ਹੋਣ ਨੂੰ ਗੁਪਤ ਰੱਖਣ ਲਈ ਆਖਦਾ ਹੈ (2:10)। ਜਿੱਥੋਂ ਤਕ ਹੋ ਸਕਿਆ ਉਹਨੇ ਨੇੜ ਤੇੜੇ ਰਹਿ ਕੇ ਆਪਣੀ ਮਤਰਈ ਧੀ ਦਾ

ਧਿਆਨ ਰੱਖਣ ਦੀ ਕੋਸ਼ਿਸ਼ ਕੀਤੀ।

ਭਾਵੇਂ ਮਾਰਦਕਈ ਨੇ ਬਾਦਸ਼ਾਹ ਦੀ ਜਾਨ ਬਚਾਈ ਸੀ, ਪਰ ਹਾਮਾਨ ਅੱਗੇ ਝੁਕਣ ਤੋਂ ਇਨਕਾਰ ਕਰਕੇ ਉਹ ਯਹੂਦੀਆਂ ਉੱਤੇ ਹਾਮਾਨ ਦਾ ਕਹਿਰ ਲਿਆਉਣ ਦਾ ਕਾਰਣ ਵੀ ਬਣਿਆ। ਜਿੱਥੋਂ ਤਕ ਸਾਨੂੰ ਪਤਾ ਹੈ, ਸ਼ਰ੍ਹਾ ਵਿਚ ਇਸ ਇਨਕਾਰ ਨੂੰ ਕਿਤੇ ਸਹੀ ਨਹੀਂ ਠਹਿਰਾਇਆ ਗਿਆ। ਫਿਰ ਮਾਰਦਕਈ ਨੇ ਹੀ ਅਸਤਰ ਨੂੰ ਯਹੂਦੀਆਂ ਦੀ ਤਰਫ਼ੋਂ ਬਾਦਸ਼ਾਹ ਅੱਗੇ ਸਿਫ਼ਾਰਸ਼ ਕਰਨ ਲਈ ਮਨਾਇਆ ਸੀ। ਅਸਤਰ ਦੇ ਕਾਰਵਾਹੀ ਕਰਨ ਤੋਂ ਬਾਅਦ ਉਹ ਪਿਛੋਕੜ ਵਿਚ ਚਲਿਆ ਗਿਆ। ਤਐ ਉਦੋਂ ਨਜ਼ਰ ਆਇਆ ਜਦੋਂ ਬਾਦਸ਼ਾਹ ਨੇ ਉਹਦੀ ਤਾਰੀਫ਼ ਕੀਤੀ। ਅਖ਼ੀਰ ਵਿਚ ਉਹ ਰਾਜ ਦੇ ਪ੍ਰਧਾਨ ਮੰਤਰੀ ਦੇ ਤੌਰ ਤੇ ਉੱਭਰਿਆ, ਜਿਸ ਲਈ ਅਸਤਰ ਦੀ ਦਖ਼ਲਅੰਦਾਜ਼ੀ ਲਈ ਉਹਦਾ ਧੰਨਵਾਦ ਬਣਦਾ ਹੈ। ਉਹਨੇ ਕੁਝ ਸਮੇਂ ਲਈ ਇਸ ਭੂਮਿਕਾ ਵਿਚ ਕੰਮ ਕੀਤਾ ਹੋਵੇਗਾ, ਯਹੂਦੀਆਂ ਨੂੰ ਬਰਕਤ ਦੇਣ ਦੇ ਨਾਲ ਨਾਲ ਬਾਦਸ਼ਾਹ ਦੀਆਂ ਦਿਲਚਸਪੀਆਂ ਦਾ ਵਫ਼ਾਦਾਰੀ ਨਾਲ ਧਿਆਨ ਰੱਖਣ (10:2, 3)।

ਸ਼ਾਇਦ ਮਾਰਦਕਈ ਦੀ ਸਭ ਤੋਂ ਦਿਲਚਸਪ ਗੱਲ ਉਸ ਦੀ ਅਬਦਲਣਸ਼ੀਲਤਾ ਹੈ। ਉਹ ਕਹਾਣੀ ਦੇ ਸ਼ੁਰੂ ਤੋਂ ਲੈ ਕੇ ਉਸ ਦੇ ਅਖ਼ੀਰ ਤਕ ਉਹੀ ਸ਼ਖ਼ਸ ਸੀ। ਉਸ ਦੀ ਸਭ ਤੋਂ ਵਧੀਆ ਉਦਾਹਰਣ ਹਾਮਾਨ ਦੇ ਉਸ ਨੂੰ ਸ਼ਹਿਰ ਵਿੱਚੋਂ ਦੀ ਉਹਦੇ ਅੱਗੇ ਅੱਗੇ ਉਹਦੀ ਤਾਰੀਫ਼ ਕਰਦਿਆਂ ਲਿਜਾਣ ਤੇ ਉਸ ਦੀ ਪ੍ਰਤੀਕਿਰਿਆ ਹੈ। ਦੌਰਾ ਮੁੱਕ ਜਾਣ ਤੋਂ ਬਾਅਦ, ਉਹ ਚੁੱਕ ਕਰਕੇ ਉੱਥੇ ਵਾਪਸ ਚਲਿਆ ਗਿਆ ਜਿੱਥੇ ਉਹ ਹੁੰਦਾ ਸੀ ਅਤੇ ਉਹ ਕਰਨ ਲਗ ਪਿਆ ਜੋ ਉਹ ਕਰਦਾ ਹੁੰਦਾ ਸੀ।

ਮਾਰਦਕਈ ਨੂੰ ਸਹੀ–ਸਹੀ ''ਭਰੋਸੇਯੋਗ ਸ਼ਹਿਰੀ'' ਨਾਂਅ ਦਿੱਤਾ ਜਾਵੇਗਾ। ਉਹ ਇਕ ਅਜਿਹਾ ਵਿਅਕਤੀ ਸੀ ਜਿਸ ਉੱਤੇ ਹਰ ਕੋਈ ਨਿਰਭਰ ਹੋ ਸਕਦਾ ਹੈ। ਭਾਵੇਂ ਉਹ ਹਮੇਸ਼ਾ ਉੱਥੇ ਹੀ, ਹਮੇਸ਼ਾ ਕਾਇਮ ਸੀ ਅਤੇ ਹਮੇਸ਼ਾ ਮਦਦ ਕਰਨ ਵਾਲਾ ਸੀ। ਉਹਨੇ ਜੋ ਕੁਝ ਵੀ ਕਰਨ ਲਈ ਆਪਣੇ ਹੱਥ ਵਿਚ ਲਿਆ ਉਹਨੂੰ ਚੰਗੀ ਤਰ੍ਹਾਂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਜਦ ਵੀ ਉਸ ਨੇ ਕੋਈ ਸਟੈਂਡ ਲਿਆ, ਪੱਕੇ ਇਰਾਦੇ ਨਾਲ ਉਸ ਉੱਤੇ ਚੱਲਿਆ।

ਸੰਭਵ ਤੌਰ ਤੇ, ਅਸੀਂ ਸਭ ਇਹੋ ਜਿਹੇ ਲੋਕਾਂ ਨੂੰ ਜਾਣਦੇ ਹਾਂ। ਇਸ ਨਾਲੋਂ ਵੀ ਵਧ ਕੇ ਸਾਨੂੰ ਇਸ ਤਰ੍ਹਾਂ ਦੇ ਲੋਕ ਬਣਨਾ ਚਾਹੀਦਾ ਹੈ। ਸਮਾਜ ਨੂੰ ਭਰੋਸੇਯੋਗ ਸ਼ਹਿਰੀਆਂ ਦੀ ਲੋੜ ਹੈ ਕਿਉਂ ਜੋ ਉਹ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਸਭ ਨਾਲੋਂ ਵਧ ਕੇ ਖ਼ੁਦਾ ਦੇ ਰਾਜ ਵਿਚ ਅਜਿਹੇ ਲੋਕਾਂ ਦੀ ਲੋੜ ਹੈ। ਅਜਿਹੇ ਮਸੀਹੀ ਲੋਕਾਂ ਦੀ ਜਿਹੜੇ ਕਦੇ ਡੋਲਦੇ ਨਹੀਂ, ਜਿਹੜੇ ''ਇਸਥਿਰ ਅਤੇ ਅਡੋਲ, ਅਤੇ ਪ੍ਰਭੂ ਦੇ ਕੰਮ ਵਿਚ ਸਦਾ ਵਧਦੇ'' ਜਾਂਦੇ ਹਨ (1 ਕੁਰਿੰਥੀਆਂ 15:58)। ਬਹੁਤ ਸਾਰੇ ਚੇਲੇ ਗਰਮ ਤੋਂ ਠੰਡੇ ਹੋ ਜਾਂਦੇ ਹਨ। ਅੱਜ ਵਫ਼ਾਦਾਰ ਹਨ ਤੇ ਭਲਕੇ ਬੇਵਫ਼ਾ ਹੋ ਜਾਣਗੇ। ਇਸ ਹਫ਼ਤੇ ਆਪਣੇ ਆਪ ਨੂੰ ਪ੍ਰਭੂ ਨੂੰ ਦੇਣ ਜਾਂ ਬਦਗੀ ਵਿਚ ਜਾਣ ਦਾ ਉਨ੍ਹਾਂ ਦਾ ਫ਼ੈਸਲਾ ਇਸ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੂੰ ਸਰਮਨ ਕਿਹੋ ਜਿਹਾ ਲਗਦਾ ਹੈ ਜਾਂ ਦੂਜਿਆਂ ਨੇ ਉਨ੍ਹਾਂ ਨਾਲ ਕਿੰਨਾਂ ਚੰਗਾ ਸਲੂਕ ਕੀਤਾ। ਪ੍ਰਭੂ ਨੂੰ ਕਦੇ ਆ ਗਏ ਕਦੇ ਚਲੇ ਗਏ ਚੇਲਿਆਂ ਦੀ ਲੋੜ ਨਹੀਂ ਹੈ; ਉਹਨੂੰ ਉਨ੍ਹਾਂ ਮਸੀਹੀ ਲੋਕਾਂ ਦੀ ਲੋੜ ਹੈ ਜਿਹੜੇ ਚੰਗੇ ਮਾੜੇ, ਹਰ ਸਮੇਂ, ਸਚਿਆਈ ਲਈ ਡਟ ਕੇ ਖਲੋਣ, ਵਫ਼ਾਦਾਰੀ ਨਾਲ ਕਲੀਸੀਆ ਵਿਚ ਕੰਮ ਕਰਨ ਅਤੇ ਉਨ੍ਹਾਂ ਨੂੰ ਜੋ ਕੁਝ ਵੀ ਕਰਨ ਲਈ ਦਿੱਤਾ ਜਾਵ ਉਸ ਨੂੰ ਪੂਰੇ ਦਿਲ ਨਾਲ ਕਰਨ।

*ਅਸਤਰ: ਹੈਰਾਨ ਕਰਨ ਵਾਲਾ ਸਟਾਰ।* ਅਸਤਰ ਦੀ ਕਿਤਾਬ ਦੇ ਪਾਤਰਾਂ ਵਿਚ, ਹਾਮਾਨ ਨਾਟਕ ਦਾ ਖਲਨਾਇਕ ਹੈ, ਬਾਦਸ਼ਾਹ ਮੂਰਖ ਮਸਖਰਾ ਹੈ, ਅਤੇ ਮਾਰਦਕਈ ਮਦਦ ਕਰਨ ਵਾਲਾ ਭਰੋਸੇਯੋਗ ਪਾਤਰ ਹੈ; ਪਰ ਅਸਤਰ ਹੈਰਾਨ ਕਰਨ ਵਾਲਾ ਸਟਾਰ ਹੈ। ਉਹ ਪਾਠਕ ਨੂੰ ਕਈ ਤਰੀਕਿਆਂ ਨਾਲ ਹੈਰਾਨ ਕਰਦੀ ਹੈ। ਪਹਿਲਾਂ ਇਹ ਗੁਮਨਾਮ ਯਤੀਮ ਯਹੂਦੀ ਕੁੜੀ ਖ਼ੂਬਸੂਰਤੀ ਦਾ ਮੁਕਾਬਲਾ ਜਿੱਤ ਕੇ ਫ਼ਾਰਸ ਦੀ ਵੱਡੀ ਸਲਤਨਤ ਦੀ ਰਾਣੀ ਬਣਦੀ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਜਿਹੜੀ ਮਾਰਦਕਈ ਦਾ ਹਮੇਸ਼ਾ ਹੁਕਮ ਮੰਨਦੀ ਰਹਿਣ ਵਾਲੀ ਤਾਬਿਆਦਾਰ ਅਸਤਰ ਨੇ ਆਪਣੇ ਲੋਕਾਂ ਦੇ

ਭਵਿੱਖ ਦਾ ਜ਼ਿੰਮਾ ਆਪਣੇ ਉੱਤੇ ਲੈ ਲਿਆ। ਅਖ਼ੀਰ ਵਿਚ ਉਸ ਨੇ ਮਾਰਦਕਈ ਨੂੰ ਦੱਸਿਆ ਕਿ ਕੀ ਕਰਨਾ ਹੈ; ਨਾਲੇ ਇਹ ਵੇਖਣਾ ਵੀ ਹੈਰਾਨੀ ਵਾਲੀ ਗੱਲ ਹੈ ਕਿ ਉਹਨੇ ਯਹੂਦੀਆਂ ਨੂੰ ਬਚਾਉਣ ਦੀ ਆਪਣੀ ਯੋਜਨਾ ਕਿਵੇਂ ਅਸਰਦਾਰ ਢੰਗ ਨਾਲ ਬਣਾਈ ਅਤੇ ਫਿਰ ਉਸ ਨੂੰ ਸਿਰੇ ਚਾੜ੍ਹਿਆ

ਸਾਡੇ ਲਈ ਅਸਤਰ ਤੋਂ ਸਿੱਖਣ ਲਈ ਕੀ ਹੈ? ਉਸ ਦੀ ਉਦਾਹਰਣ ਤੋਂ ਸਾਨੂੰ, ਜਿੱਥੇ ਵੀ ਅਸੀਂ ਆਪਣੇ ਆਪ ਨੂੰ ਪਾਈਏ ਉੱਥੇ ਸਮਝਦਾਰੀ ਨਾਲ ਕੰਮ ਕਰਨਾ ਸਿੱਖਣ ਨੂੰ ਮਿਲਦਾ ਹੈ। ਮਸੀਹੀ ਵਿਅਕਤੀ ''ਸਮਝਦਾਰੀ ਨਾਲ'' ਉਸ ਸਭ ਨੂੰ ਜੋ ਖ਼ੁਦਾ ਸਾਥੋਂ ਕਰਵਾਉਣਾ ਚਾਹੁੰਦਾ ਹੈ ਪੂਰਾ ਕਰਨ ਲਈ ਜਿੰਨਾਂ ਸੰਭਵ ਹੋ ਸਕੇ ਕੰਮ ਕਰਨ ਦੇ ਅਰਥ ਵਿਚ ਪ੍ਰਭਾਵਿਤ ਕਰਦਾ ਹੈ।

ਸ਼ਾਇਦ ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਕਹਾਣੀ ਦਾ ''ਸਟਾਰ'' ਹਰ ਕੋਈ ਨਹੀਂ ਹੋ ਸਕਦਾ। ਅਸੀਂ ਸਾਰੇ ਅਸਤਰ ਵਰਗੇ ਨਹੀਂ ਬਣ ਸਕਦੇ, ਜਿਸ ਵੱਲ ਧਿਆਨ ਖਿੱਚਿਆ ਗਿਆ ਅਤੇ ਉਹ ਨੂੰ ਰਾਜ ਉੱਤੇ ਹਕੂਮਤ ਕਰਨ ਦਾ ਮੌਕਾ ਮਿਲਿਆ। ਖ਼ੁਦਾ ਨੇ ਜੋ ਜੋ ਭੂਮਿਕਾ ਸਾਨੂੰ ਦਿੱਤੀ ਹੈ ਅਸੀਂ ਉਸ ਤੋਂ ਸੰਤੁਸ਼ਟ ਹੋਈਏ। ਸਾਡੇ ਵਿੱਚੋਂ ਬਹੁਤਿਆਂ ਨੂੰ ਸਿਰਫ਼ ਸਹਾਇਕ ਦੀ ਭੂਮਿਕਾ ਮਿਲੇਗੀ। ਸਾਨੂੰ ਜੋ ਕੁਝ ਵੀ ਕਰਨ ਲਈ ਸੱਦਿਆ ਗਿਆ ਹੈ, ਉਹਨੂੰ ਅਸੀਂ ਪੂਰੀ ਤਾਕਤ ਨਾਲ, ਇਹ ਜਾਣਦੇ ਹੋਏ ਕਿ ਖ਼ੁਦਾ ਸਾਨੂੰ ਵਫ਼ਾਦਾਰੀ ਨਾਲ ਕੀਤੀ ਗਈ ਸਾਡੀ ਸੇਵਾ ਦਾ ਇਨਾਮ ਦਏਗਾ, ਆਪਣੀ ਪੂਰੀ ਵਾਹ ਲਾ ਕੇ ਉਸ ਕੰਮ ਨੂੰ ਕਰੀਏ। ਅਸੀਂ ਮਸ਼ਹੂਰੀ ਜਾਂ ਤਾਰੀਫ਼ ਕਰਕੇ ਆਪਣਾ ਧਿਆਨ ਨਾ ਭਟਕਣ ਦਈਏ।

ਦੂਜੇ ਪਾਸੇ, ਜੇ ਖ਼ੁਦਾ ਦੀ ਕਿਰਪਾ ਅਤੇ ਉਸ ਦੇ ਰੱਬੀ ਇੰਤਜ਼ਾਮ ਨਾਲ ਸਾਨੂੰ ਸਾਨੂੰ ''ਸਟਾਰ ਵਾਲੀ ਭੂਮਿਕਾ'' ਵਿਚ ਰੱਖ ਦਿੱਤਾ ਜਾਵੇ ਤਾਂ ਅਸੀਂ ਚੰਗੇ ਭੰਡਾਰੀਆਂ ਵਾਂਗ ਆਪਣੇ ਕੰਮ ਨੂੰ ਕਬੂਲ ਕਰੀਏ। ਜੇ ਸਾਨੂੰ ਲੋਕਾਂ ਦੀ ਨਜ਼ਰ ਵਿਚ ਕੁਝ ਕਰਨ, ਲੋਕਾਂ ਦੇ ਭਵਿੱਖ ਵਿਚ ਅਗਵਾਈ ਕਰਨ ਵਿਚ ਮਦਦ ਕਰਨ ਵਿਚ ਕਿਹਾ ਜਾਂਦਾ ਹੈ ਤਾਂ ਜਿੱਥੋਂ ਤਕ ਹੋ ਸਕੇ ਅਸੀਂ ਆਪਣੇ ਨਾਲਦਿਆਂ ਦੀ ਸੇਵਾ ਕਰੀਏ। ਸਾਡਾ ਟੀਚਾ ਆਪਣੀ ਵਾਹ-ਵਾਹ ਕਰਾਉਣਾ ਨਹੀਂ, ਬਲਕਿ ''ਜਗਤ ਦਾ ਚਾਨਣ'' ਬਣ ਕੇ ਖ਼ੁਦਾ ਨੂੰ ਵਡਿਆਈ ਦੇਣਾ ਹੋਵੇ।

*ਸਾਰ।* ਇਨ੍ਹਾਂ ਚਾਰਾਂ ਪਾਤਰਾਂ ਉੱਤੇ ਵਿਚਾਰ ਕਰਦਿਆਂ ਜਿਨ੍ਹਾਂ ਤੋਂ ਹਰ ਯੁੱਗ ਲਈ ਸਬਕ ਕਿਮਲਦੇ ਹਨ, ਅਸੀਂ ਆਪਣੇ ਦਿਮਾਗ ਵਿਚ ਤਿੰਨ ਸਚਿਆਈਆਂ ਨੂੰ ਬਿਠਾ ਲਈਏ:

*ਕੋਈ ਮਨੁੱਖੀ ਪਾਤਰ (ਯਿਸੂ ਮਸੀਹ ਨੂੰ ਛੱਡ ਕੇ, ਜਿਹੜਾ ਖ਼ੁਦਾ ਵੀ ਸੀ ਅਤੇ ਮਨੁੱਖ ਦੋਵੇਂ ਹੀ) ਸਿੱਧ ਨਹੀਂ ਹੈ।* ਬੇਸ਼ੱਕ ਅਸੀਂ ਲਗਭਗ ਹਰ ਕਿਸੇ ਤੋਂ ਸਬਕ ਸਿੱਖ ਸਕਦੇ ਹਾਂ। ਪਰ ਸਾਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਕੋਈ ਚੰਗਾ ਆਦਮੀ ਵੀ ਹਰ ਗੱਲ ਸਹੀ ਹੀ ਕਰਦਾ ਹੈ। ਇਸ ਮਾਮਲੇ ਵਿਚ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਨਾ ਤਾਂ ਮਾਰਦਕਈ ਸਿੱਧ ਸੀ ਅਤੇ ਨਾ ਅਸਤਰ। ਸਾਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਹਰ ਗੱਲ ਦੀ ਰੀਸ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

*ਨਾ ਤਾਂ ਅਸਤਰ ਦੀ ਕਿਤਾਬ ਅਤੇ ਨਾ ਬਾਈਬਲ ਦੀ ਕੋਈ ਹੋਰ ਕਿਤਾਬ ਮੁੱਖ ਤੌਰ ਤੇ ਸਾਨੂੰ ਮਨੁੱਖੀ ਪਾਤਰਾਂ ਬਾਰੇ ਦੱਸਣ ਲਈ ਲਿਖੀ ਗਈ ਸੀ ਜਿਨ੍ਹਾਂ ਦੀ ਸਾਨੂੰ ਨਕਲ ਕਰਨ ਦੀ ਲੋੜ ਹੈ।* ਪਾਠ ਵਿਚਲੇ ਪਾਤਰਾਂ ਦੀ ਗੱਲ ਕਰਨਾ ਸਹੀ ਹੈ, ਪਰ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਕਿਤਾਬ ਮੁੱਖ ਤੌਰ ਤੇ ਉਨ੍ਹਾਂ ਬਾਰੇ ਨਹੀਂ ਹੈ। ਬਲਕਿ ਇਹ ਇਸ ਬਾਰੇ ਹੈ ਕਿ ਖ਼ੁਦਾ ਆਪਣੇ ਮਕਸਦ ਨੂੰ ਜੋ ਕਿ ਆਪਣੇ ਲੋਕਾਂ ਯਹੂਦੀਆਂ ਦੀ ਮੁਕਤੀ ਹੈ, ਪੂਰਾ ਕਰਨ ਲਈ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਕਿਵੇਂ ਸ਼ਾਮਲ ਸੀ।

*ਅਸਤਰ ਦੀ ਕਿਤਾਬ ਦਾ ਸਭ ਤੋਂ ਅਹਿਮ ਪਾਤਰ ਉਹ ਹੈ ਜਿਸ ਦਾ ਨਾਂਅ ਉਸ ਵਿਚ ਨਹੀਂ ਹੈ। ਭਾਵ ਖ਼ੁਦਾ ਆਪ, ਜਿਹੜਾ ਭਾਵੇਂ ਗੁਪਤ ਹੈ ਪਰ ਉਸ ਵਿਚ ਮੌਜੂਦ ਹੈ।* ਜੋ ਕੁਝ ਵੀ ਹੁੰਦਾ ਹੈ ਸਾਨੂੰ ਉਹਨੂੰ ਉਸਦੇ ਵਿਚ ਉਸ ਦੇ ਹੱਥ ਨੂੰ ਵੇਖਣ ਦੀ ਲੋੜ ਹੈ।

ਫਿਰ ਵੀ ਇਹ ਪੁੱਛਣ ਦਾ ਮਹੱਤਵ ਹੈ ਕਿ ''ਭਲਾ ਅਸੀਂ ਇਹੋ ਜਿਹੇ ਲੋਕਾਂ ਨੂੰ ਜਾਣਦੇ ਹਾਂ?''

ਭਲਾ ਅਸੀਂ ਗੁੱਝੇ ਖਲਨਾਇਕ ਹਾਮਾਨ ਵਰਗੇ; ਨਾਲਾਇਕ ਬਾਦਸ਼ਾਹ ਅਹਸ਼ਵੇਰੋਸ਼ ਵਰਗੇ; ਭਰੋਸੇਯੋਗ ਸ਼ਹਿਰੀ ਮਾਰਦਕਈ ਵਰਗੇ; ਜਾਂ ਹੈਰਾਨ ਕਰਨ ਵਾਲੇ ਸਟਾਰ ਅਸਤਰ ਵਰਗੇ ਲੋਕਾਂ ਨੂੰ ਜਾਣਦੇ ਹਾਂ? ਹੋ ਸਕਦਾ ਹੈ ਕਿ ਬੇਹਤਰ ਸਵਾਲ ਇਹ ਹੋਵੇ ਕਿ ਭਲਾ ਅਸੀਂ ਇਨ੍ਹਾਂ ਵਿੱਚੋਂ ਕਿਸੇ ਵਰਗੇ ਹਾਂ? ਅਸੀਂ ਹਾਮਾਨ ਜਾਂ ਬਾਦਸ਼ਾਹ ਦੇ ਵਰਗੇ ਨਾ ਹੋਈਏ। ਸਾਨੂੰ ਮਾਰਦਕਈ ਜਾਂ ਅਸਤਰ ਵਾਲਾ ਵਤੀਰਾ ਰੱਖਣ ਵਾਲੇ ਹੋਣਾ ਚਾਹੀਦਾ ਹੈ। ਕਿਸੇ ਲਈ ਵੀ ਜਿਹਦਾ ਜੀਵਨ ਧਰਮੀ ਨਾ ਰਿਹਾ ਹੋਵੇ, ਆਪਣੇ ਪਾਪ ਭਰੇ ਤਰੀਕਿਆਂ ਨੂੰ ਪਿੱਛੇ ਛੱਡ ਕੇ ਖ਼ੁਦਾ ਦੇ ਵਫ਼ਾਦਾਰ ਸੇਵਕ ਬਣਨ ਦਾ ਦਿਨ ਅੱਜ ਹੈ (ਵੇਖੋ 2 ਕੁਰਿੰਥੀਆਂ 6:2)।

**ਦੂਜਿਆਂ ਲਈ ਦੁਆ ਕਰਨਾ** (8:3)

ਆਪਣੇ ਲੋਕਾਂ ਨੂੰ ਬਚਾਉਣ ਲਈ, ''ਅਸਤਰ ... ਪਾਤਸ਼ਾਹ ... ਦੇ ਪੈਰਾਂ ਉੱਤੇ ਡਿੱਗ ਪਈ ਅਤੇ ਰੋ ਰੋ ਕੇ ਉਹ ਦੇ ਤਰਲੇ ਕੀਤੇ ਕਿ ਉਹ ਹਾਮਾਨ ਅਗਾਗੀ ਦੀ ਬੁਰਿਆਈ ਅਤੇ ਮਤੇ ਨੂੰ ਜਿਹੜਾ ਉਸ ਯਹੂਦੀਆਂ ਦੇ ਵਿਰੁੱਧ ਕੀਤਾ ਸੀ ਹਟਾ ਦੇਵੇ'' (8:3)। ਇਹ ਨਜ਼ਾਰਾ ਸਾਨੂੰ ਯਾਦ ਦੁਆਉਂਦਾ ਹੈ ਕਿ ਯਿਸੂ ਖ਼ੁਦਾ ਦੇ ਤਖ਼ਤ ਦੇ ਅੱਗੇ ਸਾਡੇ ਵੱਲੋਂ ਸਿਫ਼ਾਰਸ਼ ਕਰਦਾ ਹੈ (ਇਬਰਾਨੀਆਂ 7:25; 1 ਯੂਹੰਨਾ 2:1)। ਮਸੀਹੀ ਲੋਕਾਂ ਲਈ ਇਕ ਦੂਜੇ ਵਾਸਤੇ (ਯਾਕੂਬ 5:16) ਅਤੇ ਸਚਮੁਚ ਸਭ ਲੋਕਾਂ ਵਾਸਤੇ ਦੁਆ ਕਰਨਾ ਜ਼ਰੂਰੀ ਹੈ। (1 ਤਿਮੋਥਿਉਸ 2:1, 2)। ਭਲਾ ਅਸੀਂ ਖ਼ੁਦਾ ਦੇ ਪੈਰਾਂ ਤੇ ਡਿੱਗ ਕੇ (ਪ੍ਰਤੀਕ ਰੂਪ ਵਿਚ ਗੱਲ ਕਰਦਿਆਂ) ਰੋਂਦੇ ਹੋਏ ਅਤੇ ਦੂਜਿਆਂ ਦੇ ਵੱਲੋਂ ਉਹਦੇ ਤਰਲੇ ਕਰਕੇ ਆਪਣੇ ਆਪ ਨੂੰ ਹਲੀਮ ਕਰਨ ਲਈ ਤਿਆਰ ਹਾਂ?

**ਬਰਕਤਾਂ ਲਈ ਅਨੰਦ ਮਨਾਉਣਾ** (8:16)

ਮਾਰਦਕਈ ਦੇ ਹੁਕਮ ਦੇ ਛਾਇਆ ਹੋਣ ਤੋਂ ਬਾਅਦ, ''ਯਹੂਦੀਆਂ ਨੂੰ ਰੌਸ਼ਨੀ, ਅਨੰਦ, ਸੁੱਖ ਅਤੇ ਪਤ ਪ੍ਰਾਪਤ ਹੋਈ'' (8:16)। ਖ਼ੁਦਾ (ਭਾਵੇਂ ਕਿਤਾਬ ਉਸਦੇ ਨਾਂਅ ਦਾ ਜ਼ਿਕਰ ਨਹੀਂ ਹੈ) ਨੇ ਯਹੂਦੀਆਂ ਨੂੰ ਬਰਕਤ ਦਿੱਤੀ, ਉਨ੍ਹਾਂ ਨੂੰ ''ਰੌਸ਼ਨੀ'' ਅਤੇ ''ਅਨੰਦ'' ਅਤੇ ''ਸੁੱਖ'' ਅਤੇ ''ਪਤ'' ਮਿਲੀ ਸੀ। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਵੀ ਵੱਡੀਆਂ ਵੱਡੀਆਂ ਬਰਕਤਾਂ ਮਿਲੀਆਂ ਹੋਈਆਂ ਹਨ। ਸਾਨੂੰ ਵੀ, ਮੌਤ ਦੀ ਸਜ਼ਾ ਵਿੱਚੋਂ ਕੱਢਿਆ ਗਿਆ ਹੈ (ਰੋਮੀਆਂ 6:23)। ਜਿਸ ਕਰਕੇ ਸਾਨੂੰ ਮਸੀਹ ਦੀ ਰੌਸ਼ਨੀ ਮਿਲੀ ਹੈ, ਜੋ ਕਿ ''ਜਗਤ ਦਾ ਚਾਨਣ'' ਹੈ (ਯੂਹੰਨਾ 8:12)। ਸਾਨੂੰ ''ਅਨੰਦ ਅਤੇ ਸੁੱਖ'' ਮਿਲਿਆ ਹੈ (8:16) ਕਿਉਂ ਜੋ ਅਸੀਂ ਬਚਾਏ ਗਏ ਹਾਂ। ਅਸੀਂ ''ਪ੍ਰਭੂ ਵਿਚ ਸਦਾ ਅਨੰਦ'' ਕਰ ਸਕਦੇ ਹਾਂ (ਫ਼ਿਲਿੱਪੀਆਂ 4:4), ਕਿਉਂ ਜੋ ਸਾਨੂੰ ''ਪਰਮੇਸ਼ਰ ਦੇ ਬਾਲਕ'' ਆਖਿਆ ਗਿਆ ਹੈ (1 ਯੂਹੰਨਾ 3:1)। ਜਿਵੇਂ ਯਹੂਦੀਆਂ ਨੇ ਆਪਣੇ ਦੁਸ਼ਮਣਾਂ ਹੱਥੋਂ ਆਪਣਾ ਛੁਟਕਾਰਾ ਹੋਣ ਕਰਕੇ ਅਨੰਦ ਮਨਾਇਆ ਸੀ, ਉਵੇਂ ਹੀ ਅਸੀਂ, ਪਾਪ ਤੋਂ ਆਪਣਾ ਛੁਟਕਾਰਾ ਹੋਣ ਦਾ ਅਨੰਦ ਮਨਾ ਸਕਦੇ ਹਾਂ? ਆਓ ਅਸੀਂ ਵੀ ਉਨ੍ਹਾਂ ਵਾਂਗ ਅਨੰਦ ਮਨਾਈਏ!

---

ਟਿੱਪਣੀਆਂ

[1]ਵੇਖੋ ਹੇਰੋਦੋਤਸ *ਹਿਸਟਰੀਜ਼* 3.128–29; ਜੋਸੇਫ਼ਸ *ਐਂਟਿਕੁਇਟੀਜ਼* 11.1.3. [2]ਸੀ. ਰੂਬੇਨ ਐਂਡਰਸਨ, *ਦ ਬੁਕਸ ਆਫ਼ ਰੂਥ ਐਂਡ ਅਸਤਰ*, ਸ਼ੀਲਡ ਬਾਈਬਲ ਸਟੱਡੀ ਸੀਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1970), 85. [3]ਹਾਮਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਣ ਤੋਂ ਬਾਅਦ, ਪਾਠ ਵਿਚ ਦੱਸਿਆ ਗਿਆ ਹੈ ਕਿ ''ਪਾਤਸ਼ਾਹ ਦਾ ਕ੍ਰੋਧ ਸ਼ਾਂਤ ਹੋਇਆ'' (7:10)। [4]ਲਿੰਡਾ ਡੇ, *ਅਸਤਰ*,

ਅਬਿੰਗਡਨ ਓਲਡ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 2005), 132. [5]ਪਾਠ ਦੀ ਦਿਲਚਸਪ ਗੱਲ ਇਹ ਹੈ ਕਿ ''ਇਬਰਾਨੀ ਵਿਚ [ਆਇਤ 9] ਹੇਜਿਓਗ੍ਰਾਫ਼ਾ ['ਲੇਖਾਂ' ਭਾਵ ਇਬਰਾਨੀ ਬਾਈਬਲ ਦੇ ਤੀਜੇ ਜਿਲਦ] ਵਿਚ ਸਭ ਤੋਂ ਲੰਮੀ ਆਇਤ ਹੈ, ਜਿਸ ਵਿਚ 43 ਸ਼ਬਦ ਅਤੇ 192 ਅੱਖਰ'' ਹਨ (ਏ. ਡਬਲਯੂ. ਸਟ੍ਰੀਨ, *ਦ ਬੁਕ ਆਫ਼ ਅਸਤਰ*, ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ [ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1907], 41)। [6]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਸਤਰ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 367. [7]ਅਡੇਲੇ ਬਰਲਿਨ ਨੇ ਇਹ ਆਖਦਿਆਂ ਕਿ ਕਈ ਗੈਰਕੌਮ ''ਯਹੂਦੀਆਂ ਦੀ ਵੱਲ'' ਸਨ, ਇਸ ਵਿਚਾਰ ਦੀ ਹਮਾਇਤ ਕੀਤੀ। (ਅਡੇਲੇ ਬਰਲਿਨ, *ਅਸਤਰ*, ਦ ਜੇਪੀਐਸ ਬਾਈਬਲ ਕਮੈਂਟਰੀ [ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 2001], 80–81.) [8]ਡੀ. ਜੇ. ਏ. ਕਲਾਈਨਜ਼, *ਅਸਤਰ, ਨਹਮਯਾਹ, ਅਸਤਰ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984), 318–19; ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਇਡਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001], 104–6. 8:17 ਵਿਚ LXX ਇਹ ਵਾਕ ਜੋੜਿਆ ਗਿਆ ਹੈ ਕਿ ''ਬਹੁਤ ਸਾਰੇ ਗੈਰਕੌਮਾਂ ਦੀ ਸੁੰਨਤ ਕੀਤੀ ਗਈ।'' [9]ਕੋਏ ਡੀ. ਰੋਪਰ, *ਦ ਮਾਈਨਰ ਪ੍ਰੋਫੇਟਸ, 3: ਜ਼ਕਰਯਾਹ ਐਂਡ ਮਲਾਕੀ; ਦ ਇੰਟਰਟੈਸਟਾਮੈਂਟਲ ਪੀਰੀਅਡ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2013), 372–74 ਵਿਚ ''ਦ ਕਨਵਰਸ਼ਨ ਆਫ਼ ਜੈਂਟਾਈਲਜ਼'' ਉੱਤੇ ਜਿਲਦ ਵਿਚ ਇਸ ਦਾ ਕੁਝ ਸਬੂਤ ਦਿੱਤਾ ਗਿਆ ਹੈ।